# ਕੈਨੇਡਾ ਦਰਪਣ

ਫਰਵਰੀ 12, 1985

**February 12, 1985**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

# ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

ਕੀਮਤ 30 ਸੈਂਟ Out of Greater Vancouver Price 40¢

THE CANADA DARPAN
Punjabi Weekly Newspaper
February 12- February 19, 1985
Vol. 4 No. 7
Editor-in-chief: (Hon.) Darshan Gill
Mailing Address:
P.O. Box 67344 Stn. 'O', Vancouver, B.C. V5W 3T1
Phone: 321-6360

## ਲਿਖਣ ਅਤੇ ਬੋਲਣ ਦੀ ਆਜ਼ਾਦੀ ਦਾ ਗਲਾ ਘੁੱਟਣ ਲਈ

# ਉਜੱਲ ਦੁਸਾਂਝ ਉਤੇ ਕਾਤਲਾਨਾ ਹਮਲਾ

## 'ਕਮਿਊਨਿਟੀ ਦੀ ਏਕਤਾ ਲਈ ਜਾਨ ਵੀ ਹਾਜ਼ਰ ਹੈ' ਸ੍ਰੀ ਦੁਸਾਂਝ

ਵੈਨਕੂਵਰ — ਸ਼ੁਕਰਵਾਰ 8 ਫਰਵਰੀ, 1985 ਨੂੰ ਸ਼ਾਮ ਦੇ ਪੰਜ ਵਜੇ ਦੇ ਕਰੀਬ ਪ੍ਰਸਿੱਧ ਵਕੀਲ ਅਤੇ ਸਾਊਥ ਵੈਨਕੂਵਰ ਹਲਕੇ ਤੋਂ ਦੋ ਵਾਰ ਐਨ. ਡੀ. ਪੀ. ਦੇ ਟਿਕਟ ਉਤੇ ਚੋਣ ਲੜ ਚੁਕੇ ਉਮੀਦਵਾਰ ਸ੍ਰੀ ਉਜੱਲ ਦੁਸਾਂਝ ਉਤੇ ਲੋਹੇ ਦੇ ਸਰੀਏ ਨਾਲ ਕਾਤਲਾਨਾ ਹਮਲਾ ਕੀਤਾ ਗਿਆ ਜਿਸਦੇ ਸਿੱਟੇ ਵਜੋਂ ਸ੍ਰੀ ਦੁਸਾਂਝ ਦੇ ਸਿਰ ਉਤੇ ਗੰਭੀਰ ਜ਼ਖਮ ਲੱਗੇ ਹਨ ਅਤੇ ਉਨ੍ਹਾਂ ਦੇ ਹੱਥ ਦੀਆਂ ਹੱਡੀਆਂ ਟੁੱਟ ਗਈਆਂ ਹਨ ।

ਸ੍ਰੀ ਉਜੱਲ ਦੁਸਾਂਝ ਆਪਣੇ ਦਫਤਰ ਦਾ ਕੰਮ ਮੁਕਾ ਕੇ ਆਪਣੇ ਸਾਥੀ ਵਕੀਲ ਮਿਸਟਰ ਮਹਿਬੂਬ ਪਿਰਾਨੀ ਨਾਲ ਦਫਤਰ ਵਿਚੋਂ ਬਾਹਰ ਨਿਕਲ ਕੇ ਪਾਰਕਿੰਗ ਲੌਟ ਵਿਚੋਂ ਆਪਣੀ ਕਾਰ ਉਤੇ ਸਵਾਰ ਹੋਣ ਲਗੇ ਤਾਂ ਹਮਲਾਆਵਰ ਨੇ ਸਰੀਏ ਨਾਲ ਪਿਛੋਂ ਹਮਲਾ ਕਰ ਦਿਤਾ । ਕੁਝ ਸਕਿੰਟਾਂ ਦੇ ਸਮੇਂ ਵਿਚ ਹੀ ਹਮਲਾਆਵਰ ਲਗਾਤਾਰ ਪੰਜ ਛੇ ਸਰੀਏ ਮਾਰ ਗਿਆ । ਜਦ ਸ੍ਰੀ ਦੁਸਾਂਝ ਨੇ ਬਾਂਹ ਨਾਲ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੇ ਹੱਥ ਦੀਆਂ ਹੱਡੀਆਂ ਵੀ ਟੁੱਟ ਗਈਆਂ ।

ਮਿ: ਮਹਿਬੂਬ ਪਿਰਾਨੀ ਨੇ ਸ੍ਰੀ ਦੁਸਾਂਝ ਨੂੰ ਸੰਭਾਲਿਆ ਅਤੇ ਸ੍ਰੀ ਦੁਸਾਂਝ ਨੂੰ ਵੈਨਕੂਵਰ ਜਨਰਲ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਨ੍ਹਾਂ ਦੇ ਸਿਰ ਦੇ ਜ਼ਖਮਾਂ ਉਤੇ 80 ਟਾਂਕੇ ਲੱਗੇ ਹਨ ।

ਇਸ ਘ੍ਰਿਣਤ ਕਾਰਵਾਈ ਦੀ ਨਿੰਦਾ ਹਰ ਜਥੇਬੰਦੀ ਅਤੇ ਸੰਸਥਾ ਵਲੋਂ ਕੀਤੀ ਗਈ ਹੈ ।

### ਸੋਚੀ ਸਮਝੀ ਸਾਜ਼ਿਸ਼?

ਸ੍ਰੀ ਉਜੱਲ ਦੁਸਾਂਝ ਨੇ ਜਦ ਤੋਂ ਹਿੰਸਾ ਦੀ ਨਿਖੇਧੀ ਕਰਨੀ ਸ਼ੁਰੂ ਕੀਤੀ, ਉਸ ਸਮੇਂ ਤੋਂ ਹੀ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਲਗਾਤਾਰ ਫ਼ੋਨ ਉਤੇ ਮਿਲਦੀਆਂ ਰਹੀਆਂ ਹਨ । ਇਥੋਂ ਤੱਕ ਕਿ ਛੋਟੇ ਛੋਟੇ ਬੱਚਿਆਂ ਤੋਂ ਵੀ ਫੋਨ ਕਰਵਾਏ ਜਾਂਦੇ ਰਹੇ ਹਨ ਕਿ ਉਹ ਲਿਖਣਾ ਤੇ ਬੋਲਣਾ ਛੱਡ ਦੇਵੇ । ਇਸ ਕਰਕੇ ਇਥੋਂ ਦੇ ਹਲਕਿਆਂ ਦਾ ਕਹਿਣਾ ਹੈ ਕਿ ਇਹ ਹਮਲਾ ਸੋਚੀ ਸਮਝੀ ਸਾਜ਼ਿਸ਼ ਦਾ ਸਿੱਟਾ ਹੈ ਤੇ ਕਿਸੇ ਵਿਕੋਲਿਤਰੇ ਬੰਦੇ ਦਾ ਕੰਮ ਨਹੀਂ ਹੈ ।

**ਸ੍ਰੀ ਦੁਸਾਂਝ ਨੇ 'ਸਨ' ਅਖਬਾਰ ਦੇ ਰੀਪੋਰਟਰ ਨੂੰ ਹਸਪਤਾਲ ਵਿਚ ਦਿਤੀ ਇੰਟਰਵਿਊ ਵਿਚ ਕਿਹਾ ਕਿ 'ਜਿੰਨਾ ਚਿਰ ਮੈਂ ਕਮਿਊਨਿਟੀ ਵਿਚ ਸ਼ਾਂਤੀ ਅਤੇ ਸਦਭਾਵਨਾ ਸਥਾਪਤ ਕਰਨ ਦਾ ਲਖਸ਼ ਪੂਰਾ ਨਹੀਂ ਕਰ ਲੈਂਦਾ, ਦੁਨੀਆਂ ਦੀ ਕੋਈ ਤਾਕਤ ਮੈਨੂੰ ਬੋਲਣ ਤੋਂ ਰੋਕ ਨਹੀਂ ਸਕਦੀ ।"**

ਸ੍ਰੀ ਦੁਸਾਂਝ ਨੇ ਕਿਹਾ ਕਿ ਇਹ ਹਮਲਾ ਫਾਸ਼ੀ ਅਤੇ ਮੂਲਵਾਦੀਆਂ ਦੀ ਕਰਤੂਤ ਹੈ ਜੋ ਬੋਲਣ ਦੀ ਆਜ਼ਾਦੀ ਦਾ ਗਲਾ ਘੁਟਣਾ ਚਾਹੁੰਦੇ ਹਨ । ਕਮਿਊਨਿਟੀ ਵਿਚ ਆਜ਼ਾਦੀ ਦਾ ਗਲਾ ਘੁਟਿਆ ਜਾ ਰਿਹਾ ਹੈ ।

ਅਕਤੂਬਰ ਵਿਚ ਇਸੇ ਤਰ੍ਹਾਂ ਦਾ ਹਮਲਾ ਪੰਜਾਬੀ ਲੇਖਕ ਅਤੇ ਕਵੀ ਸ੍ਰੀ ਗੁਰਚਰਨ ਰਾਮਪੁਰੀ ਉਤੇ ਕੀਤਾ ਗਿਆ ਸੀ । ਰਾਮਪੁਰੀ ਉਤੇ ਹਮਲਾ ਕਰਨ ਵਾਲੇ ਤਿੰਨ ਵਿਅਕਤੀ ਸਨ ਜਿਹੜੇ ਅਜੇ ਤੱਕ ਫੜੇ ਨਹੀਂ ਜਾ ਸਕੇ ।



ਕੈਨੇਡਾ ਦਾ ਵਿਧਾਨ : ਲਿਖਣ ਤੇ ਬੋਲਣ ਦੀ ਆਜ਼ਾਦੀ? — ਉਜੱਲ ਦੁਸਾਂਝ

## ਲੋਕ ਸਦਭਾਵਨਾ ਮੰਚ ਵਲੋਂ ਸ੍ਰੀ ਉਜੱਲ ਦੁਸਾਂਝ ਉਤੇ ਹਮਲੇ ਬਾਰੇ ਨਿਖੇਧੀ

ਲੋਕ ਸਦਭਾਵਨਾ ਮੰਚ ਵਲੋਂ, ਮੈਂ ਪਿਛਲੇ ਸ਼ੁਕਰਵਾਰ ਨੂੰ ਮਿ: ਉਜੱਲ ਦੁਸਾਂਝ ਉਪਰ ਹੋਏ ਕਾਤਲਾਨਾ ਹਮਲੇ ਉਪਰ ਡੂੰਘੇ ਸਦਮੇ ਤੇ ਗੰਭੀਰ ਹਦਸ਼ੇ ਦਾ ਪ੍ਰਗਟਾਅ ਕਰਦਾ ਹਾਂ । ਮਿ: ਦੋਸਾਂਝ ਭਾਰਤੀ ਕਮਿਊਨਿਟੀ ਦੇ ਜਾਣੇ ਪਛਾਣੇ ਸਿਆਸਤਦਾਨ ਤੇ ਉਘੇ ਵਕੀਲ ਹਨ । ਉਹ ਆਪਣੀ ਕਮਿਊਨਿਟੀ ਦੇ ਸਿਆਸੀ ਤੇ ਸਮਾਜਕ ਮਸਲਿਆਂ ਬਾਰੇ ਬਿਆਨ ਦਿੰਦੇ ਰਹਿੰਦੇ ਹਨ ਅਤੇ ਹਿੰਦੂ-ਸਿਖ ਏਕਤਾ ਤੇ ਆਪਣੇ ਦੇਸ਼ ਭਾਰਤ ਦੀ ਅਖੰਡਤਾ ਬਾਰੇ ਦ੍ਰਿੜ ਸਟੈਂਡ ਰੱਖਦੇ ਹਨ ।

ਲੋਕ ਸਦਭਾਵਨਾ ਮੰਚ ਦਾ ਪੱਕਾ ਯਕੀਨ ਹੈ ਸਾਰੇ ਕਨੇਡੀਅਨਾਂ ਵਾਂਗੂੰ ਮਿ: ਦੁਸਾਂਝ ਨੂੰ ਵੀ ਬੋਲਣ ਦੀ ਆਜ਼ਾਦੀ ਹੈ । ਬਿਨਾਂ ਸ਼ੱਕ ਹਮਲਾਵਰ ਦਾ ਸਿਆਸੀ ਮੰਤਵ ਹੈ ਅਤੇ ਮਿ: ਉਜਲ ਦੁਸਾਂਝ ਦੀ ਜਾਨ ਲੈਣ ਦੀ ਕੋਸ਼ਿਸ਼ ਸਿਆਸੀ ਵਿਰੋਧੀ ਆਵਾਜ਼ ਨੂੰ ਦਬਾਉਣ ਦੀ ਕੋਈ ਚਾਲ ਹੈ । ਮੰਚ ਡਰਾਵੇ ਦੇ ਇਸ ਅਤਿਵਾਦੀ ਕੁਕਰਮ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਅਧਿਕਾਰੀ ਇਸ ਹਮਲੇ ਨਾਲ ਸੰਬੰਧਤ ਵਿਅਕਤੀ ਨੂੰ ਕਾਨੂੰਨ ਦੀ ਪੂਰੀ ਤਾਕਤ ਨਾਲ ਸਖਤੀ ਨਾਲ ਨਿਪਟਾਰਾ ਕਰਨ ।

**ਜਸਜੀਤ ਸੰਧੂ**
**ਲੋਕ ਸਦਭਾਵਨਾ ਮੰਚ ਦਾ ਬੁਲਾਰਾ**

## ਸਿੰਘ ਸਾਹਿਬਾਨ ਸਮਝੌਤਾ ਕਰਾਉਣ ਦੇ ਚਾਹਵਾਨ?

ਅੰਮ੍ਰਿਤਸਰ — ਜਥੇਦਾਰ ਕਿਰਪਾਲ ਸਿੰਘ ਜੋ ਲੁਧਿਆਣੇ ਤੋਂ ਅੰਮ੍ਰਿਤਸਰ ਪਹੁੰਚ ਚੁਕੇ ਹਨ, ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੰਘ ਸਾਹਿਬਾਨ ਅਕਾਲੀਆਂ ਅਤੇ ਸਰਕਾਰ ਵਿਚਕਾਰ ਸਾਲਸੀ ਕਰਕੇ ਤਦ ਹੀ ਸਮਝੌਤੇ ਲਈ ਰਾਹ ਖੋਲ੍ਹ ਸਕਦੇ ਹਨ ਜੇਕਰ ਸਰਕਾਰ ਜੇਲ੍ਹਾਂ ਵਿਚ ਬੰਦ ਅਕਾਲੀ ਆਗੂਆਂ ਨੂੰ ਰਿਹਾ ਕਰੇ ਜਾਂ ਘਟੋ ਘਟ ਸਿੰਘ ਸਾਹਿਬਾਨ ਨੂੰ ਉਨ੍ਹਾਂ ਨਾਲ ਮਿਲਣ ਦੇ ਮੌਕੇ ਮੁਹੱਈਆ ਕਰੇ ।

'ਇੰਡੀਅਨ ਐਕਸਪਰੈਸ' ਦੀ ਖਬਰ ਅਨੁਸਾਰ ਜਥੇਦਾਰ ਕਿਰਪਾਲ ਸਿੰਘ ਨੇ ਕਿਹਾ ਕਿ ਜੇ ਸਰਕਾਰ ਸਿੱਖਾਂ ਅਤੇ ਪੰਜਾਬ ਦੇ ਮਸਲੇ ਬਾਰੇ 'ਗੰਭੀਰ ਅਤੇ ਸੁਹਿਰਦ' ਹੈ ਤਾਂ ਉਹ ਸਾਰੇ ਅਕਾਲੀ ਲੀਡਰਾਂ ਨੂੰ ਰਿਹਾ ਕਰੇ ਤਾਂ ਕਿ ਗਲਬਾਤ ਲਈ ਮਾਹੌਲ ਚੰਗਾ ਬਣੇ ।

ਅਕਾਲੀ ਲੀਡਰਾਂ ਦੇ ਬਾਹਰ ਆਉਣ ਉਤੇ ਹੀ ਗਲਬਾਤ ਲਈ ਰਾਹ ਖੁਲ੍ਹ ਸਕਦਾ ਹੈ । ਉਨ੍ਹਾਂ ਕਿਹਾ ਕਿ ਪੰਜਾਬ ਦਾ ਮਸਲਾ ਸਿਖ ਸ਼ਰਨਾਰਥੀਆਂ ਦੀਆਂ ਸੱਮਸਿਆਵਾਂ ਕਾਰਨ ਏਨਾ ਉਲਝ ਗਿਆ ਹੈ ਕਿ ਹਰ ਪੱਖ ਦੇ ਲੀਡਰਾਂ ਨੂੰ ਇਕ ਪਲੇਟਫਾਰਮ ਤੋਂ ਇਕੱਠਾ ਕਰਨਾ ਪਵੇਗਾ ।

ਖਬਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਜਿੰਨੇ ਵੀ ਵਿਅਕਤੀਗਤ ਦਲ ਬਣੇ ਹੋਏ ਹਨ, ਉਨ੍ਹਾਂ ਨੂੰ ਤੋੜਨਾ ਜ਼ਰੂਰੀ ਹੈ ਤਾਂ ਕਿ ਸਿੱਖਾਂ ਦੀ ਪ੍ਰਤੀਨਿਧ ਇਕੋ ਜਮਾਤ ਹੋਵੇ ।

ਆਨੰਦਪੁਰ ਦੇ ਮਤੇ ਬਾਰੇ ਵੀ ਵਾਦ ਵਿਵਾਦ ਅਕਾਲੀ ਲੀਡਰ ਹੀ ਹੱਲ ਕਰ ਸਕਦੇ ਹਨ, ਇਥੇ ਦੇ ਹਲਕਿਆਂ ਵਿਚ ਇਹ ਮਹਿਸੂਸ ਕੀਤਾ ਜਾ ਰਿਹਾ ਹੈ ।

ਅੱਜ ਪੁੱਜੀ ਖਬਰ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਪ੍ਰੈਸ ਰੀਲੀਜ਼ ਰਾਹੀਂ ਇਸ ਖਬਰ ਦਾ ਖੰਡਨ ਕੀਤਾ ਹੈ ਕਿ ਪੰਜ ਸਿੰਘ ਸਾਹਿਬਾਨ 'ਸਾਲਸੀ' ਲਈ ਤਿਆਰ ਹਨ ।

## ਯੂਥ ਅਕਾਲੀ ਵਿੰਗ ਦਾ ਲੀਡਰ ਪ੍ਰੇਮ ਸਿੰਘ ਚੰਦੋਮਾਜ਼ਰਾ ਗ੍ਰਿਫਤਾਰ

ਪਟਿਆਲਾ — ਅਕਾਲੀ ਦਲ ਦੇ ਯੂਥ ਵਿੰਗ ਦੇ ਪ੍ਰਧਾਨ ਪ੍ਰੇਮ ਸਿੰਘ ਚੰਦੋਮਾਜ਼ਰਾ

(ਬਾਕੀ ਪੰਨਾ 3 ਤੇ)

ਅਸੀਂ ਹਰ ਕਿਸਮ ਦੀ ਇਨਸ਼ੋਰੈਂਸ ਦੇ ਮਾਹਰ ਹਾਂ । ਘਰਾਂ ਦੀ, ਬਿਜ਼ਨਿਸ ਦੀ ਜਾਂ ਕੋਈ ਵੀ ਹੋਰ ਇਨਸ਼ੋਰੈਂਸ ਦੀ ਲੋੜ ਹੋਵੇ ਤਾਂ ਸਾਨੂੰ ਮਿਲੋ ਜਾਂ ਫੂਨ ਕਰੋ ।
ਇਨਸ਼ੋਰੈਂਸ ਲਈ ਮਾਸਟਰ ਕਾਰਡ ਤੇ ਵੀਜਾ ਵੀ ਲੈਂਦੇ ਹਾਂ ।

ਇੱਕ ਵਾਰ ਅਜਮਾ ਕੇ ਦੇਖੋ, ਤੁਸੀਂ ਵਾਰ ਵਾਰ ਪੁਰੀ ਇਨਸ਼ੋਰੈਂਸ ਦੀਆਂ ਸੇਵਾਵਾਂ ਹੀ ਪ੍ਰਾਪਤ ਕਰੋਗੇ । ਭਰੋਸੇ ਯੋਗ ਸਰਵਿਸ ਤੇ ਦੋਸਤਾਨਾ ਮਾਹੌਲ ਤੁਹਾਨੂੰ ਪੁਰੀ ਇਨਸ਼ੋਰੈਂਸ ਤੇ ਹੀ ਮਿਲ ਸਕਦਾ ਹੈ । ਪੁਰੀ ਇਨਸ਼ੋਰੈਂਸ ਨੂੰ ਸਦਾ ਯਾਦ ਰੱਖੋ ।



ਗੁਰਬੀਰ ਸਿੰਘ ਪੁਰੀ



ਅਮਰਜੀਤ ਕੌਰ ਪੁਰੀ

PURI INSURANCE AGENCIES

5707 Kingsway (Near Imperial) Burnaby, B.C. 430-5533

# ਪੰਜਾਬ ਦਰਪਣ

## ਜਾਸੂਸੀ ਕੇਸ ’ਚ ਲੁਧਿਆਣਾ ਦਾ ਵਪਾਰੀ ਗ੍ਰਿਫਤਾਰ

**ਨਵੀਂ ਦਿਲੀ:** (ਯੂ. ਐਨ. ਆਈ.) ਲੁਧਿਆਣਾ ਦੇ ਇਕ ਨੌਜਵਾਨ ਵਪਾਰੀ ਅਸ਼ੋਕ ਕੁਮਾਰ ਜੈਦਕਾ ਨੂੰ ਜਾਸੂਸੀ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਦਾ ਕਲ੍ਹ ਤੱਕ ਪੁਲੀਸ ਰਿਮਾਂਡ ਦਿੱਤਾ ਗਿਆ ਹੈ।

ਇਹ ਗ੍ਰਿਫਤਾਰੀ ਲੁਧਿਆਣਾ ਪੁਲੀਸ ਨੇ ਕਲ੍ਹ ਵਪਾਰੀ ਦੇ ਗੁਰਦੇਵ ਨਗਰ ਸਥਿਤ ਮਕਾਨ ਉਤੇ ਛਾਪਾ ਮਾਰ ਕੇ ਕੀਤੀ ਤੇ ਲੁਧਿਆਣਾ ਦੇ ਇਕ ਮੈਜਿਸਟਰੇਟ ਨੇ ਉਸ ਦਾ ਪੁਲੀਸ ਰਿਮਾਂਡ ਦਿੱਤਾ।

ਅਸ਼ੋਕ ਕੁਮਾਰ ਜੈਦਕਾ ਦੀ ਗ੍ਰਿਫਤਾਰੀ ਨਾਲ ਜਾਸੂਸੀ ਕੇਸ ’ਚ ਗ੍ਰਿਫਤਾਰ ਕੀਤੇ ਵਪਾਰੀਆ ਦੀ ਗਿਣਤੀ ਤਿੰਨ ਤੇ ਕੁਲ ਗਿਰਫਤਾਰੀਆ 14 ਹੋ ਗਈਆਂ ਹਨ। ਪਹਿਲਾਂ ਗ੍ਰਿਫਤਾਰ ਕੀਤੇ ਗਏ ਦੋਨੋਂ ਵਪਾਰੀ ਕੁਮਰ ਨਰਾਇਣ ਤੇ ਬੀ. ਕੇ. ਅਗਰਵਾਲ ਦਿੱਲੀ ਦੇ ਹਨ।

ਦੱਸਿਆ ਜਾਂਦਾ ਹੈ ਕਿ 31 ਸਾਲਾ ਜੈਦਕਾ ਹੌਜਰੀ ਦਾ ਵਪਾਰੀ ਹੈ।

## ਭਾਨ ਸਿੰਘ, ਅਬਿਨਾਸ਼ੀ ਸਿੰਘ ਵਲੋਂ ਟੌਹੜਾ ਨਾਲ ਮੁਲਾਕਾਤ

**ਜੋਧਪੁਰ:** (ਪੀ. ਟੀ. ਆਈ.) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਭਾਨ ਸਿੰਘ ਤੇ ਸਹਾਇਕ ਸਕੱਤਰ ਸ. ਅਬਿਨਾਸ਼ੀ ਸਿੰਘ ਕਲ੍ਹ ਇਥੋਂ ਦੇ ਇਕ ਗੈਸਟ ਹਾਊਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੂੰ ਮਿਲੇ। ਸ. ਗੁਰਚਰਨ ਸਿੰਘ ਟੌਹੜਾ ਕੌਮੀ ਸੁਰੱਖਿਆ ਕਾਨੂੰਨ ਅਧੀਨ ਇਸ ਗੈਸਟ ਹਾਊਸ ਵਿਚ ਨਜ਼ਰਬੰਦ ਹਨ।

ਘੰਟੇ ਭਰ ਦੀ ਇਸ ਮੀਟਿੰਗ ਵਿਚ ਦੋਹਾਂ ਨੇ ਸ. ਗੁਰਚਰਨ ਸਿੰਘ ਨੂੰ ਦੇਸ਼ ਦੀ ਆਮ ਸਿਆਸੀ ਸਥਿਤੀ ਤੇ ਚੋਣਾ ਆਦਿ ਬਾਰੇ ਜਾਣੂੰ ਕਰਵਾਇਆ।

ਮੀਟਿੰਗ ਸਮੇਂ ਸਰਕਾਰੀ ਅਫਸਰ ਵੀ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਦੇ ਦੋਵੇਂ ਅਧਿਕਾਰੀ ਪਹਿਲਾ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਵੀ ਮੁਲਾਕਾਤ ਕਰ ਚੁੱਕੇ ਹਨ।

ਦੋਹਾਂ ਨੇ ਅਖੰਡ ਕੀਰਤਨੀ ਜਥੇ ਦੀ ਬੀਬੀ ਅਮਰਜੀਤ ਕੌਰ ਨੂੰ ਮਿਲਣ ਦੀ ਖਾਹਸ਼ ਵੀ ਪ੍ਰਗਟ ਕੀਤੀ, ਪਰ ਉਨ੍ਹਾਂ ਨੂੰ ਇਸ ਮੁਲਾਕਾਤ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ। ਬੀਬੀ ਅਮਰਜੀਤ ਕੌਰ ਜੋਧਪੁਰ ਕੇਂਦਰੀ ਜੇਲ੍ਹ ਵਿਚ ਨਜ਼ਰਬੰਦ ਹਨ।

## ਦਸੂਹੇ ’ਚ ਸਹਿਮ ਤੇ ਗੁੱਸੇ ਦਾ ਮਾਹੌਲ

**ਹੁਸ਼ਿਆਰਪੁਰ:** (ਪਰਦੁਮਣ ਸਿੰਘ) ਇਥੋਂ 40 ਕਿਲੋਮੀਟਰ ਦੂਰ ਦਸੂਹਾ ਵਿਖੇ ਵਾਪਰੇ ਗੋਲੀ ਕਾਂਡ ਜਿਥੇ ਮਰਨ ਵਾਲਿਆਂ ਦੀ ਗਿਣਤੀ ਦੋ ਤਕ ਪੁੱਜ ਚੁੱਕੀ ਹੈ ਉਥੇ ਜ਼ਖਮੀਆਂ ਵਿਚੋਂ ਬਲਬੀਰ ਰਾਜ, ਦੇਵ ਰਾਜ ਤੇ ਕਮਲ ਦੇਵ ਮਹਾਜਨ ਦੀ ਹਾਲਤ ਬਹੁਤ ਨਾਜ਼ਕ ਹੈ। ਤਿੰਨ ਜ਼ਖਮੀਆਂ ਵਿਚੋਂ ਅਜੀਤ ਕੁਮਾਰ ਤੇ ਲਖਵਿੰਦਰ ਸਿੰਘ ਛਰਾਲਾ ਪਿੰਡ ਦੇ ਅਤੇ ਸ੍ਰੀ ਰਾਮਦਾਸ ਪਿੰਡ ਦਸੂਹਾ ਦਾ ਹੈ। ਮਰਨ ਵਾਲੇ ਚਮਨ ਲਾਲ ਤੇ ਦੌਲਤ ਰਾਮ ਵੀ ਦਸੂਹਾ ਦੇ ਹਨ।

### ਹੜਤਾਲ

ਸ਼ਨਿਚਰਵਾਰ ਮੈਂ ਜਦੋਂ ਦਸੂਹੇ ਪੁਜਿਆ ਤਾ ਉਥੇ ਪੂਰਨ ਹੜਤਾਲ ਸੀ ਤੇ ਲੋਕ ਟੋਲੀਆਂ ਵਿਚ ਜਾਂ ਤਾਂ ਇਧਰ-ਉਧਰ ਘੁੰਮ ਰਹੇ ਸਨ ਜਾਂ ਫਿਰ ਬੈਠੇ ਰਾਤ ਦੀ ਘਟਨਾ ਦੀਆਂ ਗੱਲਾਂ ਕਰ ਰਹੇ ਸਨ। ਹਰ ਪਾਸੇ ਸਹਿਮ ਜਿਹਾ ਸੀ। ਉਹ ਦੁਖੀ ਵੀ ਸਨ ਤੇ ਗੁੱਸੇ ਵਿਚ ਵੀ। ਸਾਰੇ ਇਲਾਕੇ ਨੂੰ ਦੇਖਣ ਉਪਰੰਤ ਇਹ ਅਨੁਮਾਨ ਲਾਉਣਾ ਔਖਾ ਨਹੀਂ ਕਿ 500-600 ਗਜ ਦੇ ਇਲਾਕੇ ਵਿਚ 15-20 ਮਿੰਟ ਤਕ ਕਾਫੀ ਉਧੜ-ਧੁਮੀ ਮਚੀ ਰਹੀ। ਕੁਝ ਲੋਕਾਂ ਦਾ ਕਹਿਣਾ ਸੀ ਕਿ ਉਹ ਤਿੰਨ ਸਨ ਤੇ ਕੁਝ ਦਾ ਖਿਆਲ ਸੀ ਕਿ ਚਾਰ ਪਰ ਉਹ ਗੋਲੀਆਂ ਵੱਖ-ਵੱਖ ਹੋ ਕੇ ਚਲਾਉਂਦੇ ਰਹੇ ਪਰ ਆਏ ਇਕੋ ਪਾਸਿਓਂ ਸਨ।

ਇਹ ਲੋਕ ਕਿਸ ਪਾਸਿਓਂ ਆਏ ਕੋਈ ਠੀਕ ਤਰ੍ਹਾਂ ਪਤਾ ਨਹੀਂ ਲੱਗਾ ਕਿਉਂਕਿ ਬਿਜਲੀ ਬੰਦ ਸੀ। ਜਦ ਸਵਾ ਸੱਤ ਵਜੇ ਬਿਜਲੀ ਆਈ ਤਾ ਇਕ ਦਮ ਗੋਲੀ ਚਲਣ ਲਗ ਪਈ। ਸਭ ਤੋਂ ਪਹਿਲਾ ਮੁਖ ਬਾਜ਼ਾਰ ਵਿਚ ਉਨ੍ਹਾਂ ਗੋਲੀ ਚਲਾਈ ਜਿਥੇ ਇਕ ਦੁਕਾਨਦਾਰ ਰਾਮਦਾਸ ਨੂੰ ਜਖਮੀ ਕੀਤਾ।

ਰਾਮਦਾਸ ਅਨੁਸਾਰ ਉਹ ਸਾਈਕਲ ’ਤੇ ਸੀ ਤੇ ਜਦ ਪਹਿਲੀ ਗੋਲੀ ਪੇਟ ਨੂੰ ਲੱਗੀ ਤੇ ਉਹ ਉਤਰ ਕੇ ਬੈਠ ਗਿਆ, ਦੂਜੀ ਗੋਲੀ ਪੈਰ ਵਿਚ ਲੱਗੀ। ਇਸ ਪਿਛੋਂ ਉਨ੍ਹਾਂ ਚਮਨ ਲਾਲ ਜੋ ਆਪਣੀ ਬੱਚੀ ਲਈ ਖਿਡੌਣਾ ਲੈਣ ਆਇਆ ਸੀ, ਨੂੰ ਗੋਲੀ ਲੱਗੀ ਤੇ ਉਹ ਦਸ ਮਿੰਟ ’ਚ ਹੀ ਮਰ ਗਿਆ। ਨਾਲ ਹੀ ਆਰ. ਕੇ. ਸ਼ਰਮਾ ਨੂੰ ਗੋਲੀ ਮਾਰੀ ਗਈ ਜੋ ਸੀੜ੍ਹੀਆਂ ਚੜ੍ਹ ਰਿਹਾ ਸੀ। ਇਸ ਦੇ ਨਾਲ ਹੀ ਬਾਜ਼ਾਰ ਬੰਦ ਹੋ ਗਿਆ। ਅਸਲ ਵਿਚ ਬਿਜਲੀ ਬੰਦ ਹੋਣ ਕਾਰਨ ਕਈ ਲੋਕ ਤਾਂ ਪਹਿਲਾਂ ਹੀ ਦੁਕਾਨਾਂ ਬੰਦ ਕਰ ਚੁੱਕੇ ਸਨ ਤੇ ਦੂਜੇ ਬਿਜਲੀ ਆ ਜਾਣ ਕਾਰਨ ਬੰਦ ਕਰਨ ਵਿਚ ਰੁਝੇ ਹੋਏ ਸਨ।

### ਘਟਨਾ ਦਾ ਵੇਰਵਾ

ਇਸ ਪਿਛੋਂ ਹਮਲਾਵਰ ਮਿਸ਼ਨ ਰੋਡ ’ਤੇ ਪੁਜੇ। ਇਸ ਤੋਂ ਪਹਿਲਾਂ ਉਨ੍ਹਾਂ ਬਲਬੀਰ ਦਾਸ ਨੂੰ ਜ਼ਖਮੀ ਕਰ ਦਿੱਤਾ। ਮਿਸ਼ਨ ਰੋਡ ’ਤੇ ਉਹ ਦੇਵਰਾਜ ਦੀ ਦੁਕਾਨ ’ਤੇ ਜਿਸ ਦਾ ਸ਼ਟਰ ਕੇਵਲ ਡੇਢ ਫੁੱਟ ਚੁਕਿਆ ਹੋਇਆ ਸੀ, ਦੇ ਥੱਲੇ ਗੋਲੀਆਂ ਚਲਾ ਕੇ ਦੋ ਵਿਅਕਤੀਆਂ ਅਜੀਤ ਤੇ ਲਖਵਿੰਦਰ ਨੂੰ ਜ਼ਖਮੀ ਕਰ ਦਿੱਤਾ। ਦੇਵ ਰਾਜ ਉਸ ਸਮੇਂ ਉਨ੍ਹਾਂ ਦਾ ਟੇਪ-ਰਿਕਾਰਡ ਠੀਕ ਕਰ ਰਿਹਾ ਸੀ ਉਸ ਨੇ ਬੈਠ ਕੇ ਜਾਨ ਬਚਾਈ। ਅੱਗੇ ਭੁੱਗਰਨੀ ਰੋਡ ’ਤੇ ਦੋ ਮਹਾਜਨ ਭਰਾਵਾਂ ਨੂੰ ਜਦ ਪਤਾ ਲਗਾ ਕਿ ਗੋਲੀ ਚਲ ਰਹੀ ਹੈ ਤਾਂ ਉਨ੍ਹਾਂ ਦਰਵਾਜ਼ਾ ਬੰਦ ਕਰ ਲਿਆ ਪਰ ਪਿਛੋਂ ਇਹ ਖਿਆਲ ਕਰਕੇ ਕਿ ਸਕੂਟਰ ਬਾਹਰ ਖੜ੍ਹਾ ਹੈ, ਚੁੱਕ ਲੈਣ ਲਈ ਜਦ ਬਾਹਰ ਆਏ ਤਾਂ ਉਨ੍ਹਾਂ ’ਤੇ ਗੋਲੀਆਂ ਦੀ ਬੁਛਾੜ ਹੋ ਗਈ ਤੇ ਉਥੇ ਹੀ ਡਿੱਗ ਪਏ। ਅੱਗੇ ਇਕ ਪਿੰਡ ਵਿਚ ਜਾ ਕੇ ਉਨ੍ਹਾਂ ਹਵਾ ਵਿਚ ਗੋਲੀ ਚਲਾਈ ਤੇ ਫਿਰ ਦੌੜ ਗਏ।

ਪੁਲੀਸ ਬਾਰੇ ਲੋਕ ਪ੍ਰੇਸ਼ਾਨ ਸਨ ਕਿ ਉਹ ਲੇਟ ਪੁੱਜੀ ਪਰ ਪੁਲੀਸ ਮੁਖੀ ਦਾ ਕਹਿਣਾ ਸੀ ਕਿ ਪਤਾ ਲਗਦਿਆਂ ਹੀ ਉਹ ਮੌਕੇ ’ਤੇ ਪੁੱਜ ਗਏ ਤੇ ਭਾਲ ਆਰੰਭ ਕਰ ਦਿੱਤੀ ਗਈ। ਇਸ ਦੌਰਾਨ ਡੀ. ਐਸ. ਪੀ. ਦਸੂਹਾ ਤੇ ਐਸ. ਐਸ. ਪੀ. ਹੁਸ਼ਿਆਰਪੁਰ ਤੋਂ ਪੁੱਜ ਗਏ। ਪੁਲੀਸ ਨੇ ਬੁੱਧੂ ਬਰਕਤ ਪਿੰਡ ਨੂੰ ਘੇਰੇ ਵਿਚ ਲੈ ਲਿਆ ਕਿਉਂਕਿ ਇਕ ਜ਼ਖਮੀ ਨੇ ਦੱਸਿਆ ਕਿ ਉਨ੍ਹਾਂ ਵਿਚ ਬਲਵਿੰਦਰ ਸਿੰਘ, ਦਿਲਬਾਗ ਸਿੰਘ ਤੇ ਅਜੀਤ ਸਿੰਘ ਸ਼ਾਮਲ ਸਨ। ਪੁਲੀਸ ਨੇ ਇਨ੍ਹਾਂ ਸਾਰਿਆਂ ਨੂੰ ਹਿਰਾਸਤ ਵਿਚ ਲੈ ਲਿਆ ਦਸਿਆ ਜਾਂਦਾ ਹੈ। ਉਪਰੰਤ ਇਕ ਡਾ. ਦਰਸ਼ਨ ਸਿੰਘ ਤੋਂ ਵੀ ਪੁੱਛ-ਪੜਤਾਲ ਕੀਤੀ ਜਾ ਰਹੀ ਦੱਸੀ ਜਾਂਦੀ ਹੈ।

## ਵੋਟਰ ਸੂਚੀਆਂ ਦੀ ਪ੍ਰਕਾਸ਼ਨਾ ਦਾ ਕੰਮ ਮੁਕੰਮਲ ਪੰਜਾਬ ਦੇ ਵੋਟਰਾਂ ਦੀ ਗਿਣਤੀ 1 ਕਰੋੜ 10 ਲੱਖ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਰਾਜ ਸਰਕਾਰਾਂ ਨੇ ਅੱਜ ਵੋਟਰ ਸੂਚੀਆਂ ਦੀ ਅੰਤਮ ਪਰਕਾਸ਼ਨਾ ਕਰ ਦਿੱਤੀ ਹੈ ਜਿਸ ਅਨੁਸਾਰ ਪੰਜਾਬ ਵਿਚ ਕੁਲ ਵੋਟਰਾਂ ਦੀ ਗਿਣਤੀ ਇਕ ਕਰੋੜ ਦਸ ਲੱਖ ਤਕ ਪਹੁੰਚ ਗਈ ਹੈ ਅਤੇ ਹਰਿਆਣਾ ਵਿਚ 80 ਲੱਖ ਦੇ ਲੱਗਭੱਗ ਪਹੁੰਚ ਗਈ ਹੈ ਜਿਨ੍ਹਾਂ ਦੇ ਅਧਾਰ ’ਤੇ ਅਗਲੀਆਂ ਅਸੈਂਬਲੀ ਚੋਣਾਂ ਹੋਣਗੀਆਂ।

ਵੋਟਰ ਸੂਚੀਆਂ ਦੀ ਇਹ ਸੋਧ ਇਸ ਲਈ ਕਰਾਈ ਗਈ ਸੀ ਕਿ ਪਹਿਲੀ ਜਨਵਰੀ 1985 ਨੂੰ ਜਿਨ੍ਹਾਂ ਵਿਅਕਤੀਆਂ ਦੀ ਉਮਰ 21 ਸਾਲ ਹੋ ਗਈ ਹੈ ਉਹ ਆਪਣਾ ਨਾਂ ਵੋਟਰ ਸੂਚੀਆਂ ਵਿਚ ਦਰਜ ਕਰਾ ਸਕਣ। ਪੰਜਾਬ ਵਿਚ 388510 ਵੋਟਰਾਂ ਨੇ ਆਪਣੇ ਕਲੇਮ ਦਾਖਲ ਕੀਤੇ ਹਨ ਜਿਨ੍ਹਾਂ ਵਿਚੋਂ ਕੁਝ ਰੱਦ ਹੋਏ ਹਨ ਜਿਨ੍ਹਾਂ ਦੇ ਵੇਰਵੇ ਅੱਡ ਦੱਸੇ ਜਾਣਗੇ। ਉੱਚ ਸਰਕਾਰੀ ਸੂਤਰਾਂ ਅਨੁਸਾਰ ਸਭ ਤੋਂ ਵੱਧ 51583 ਕਲੇਮ ਜ਼ਿਲਾ ਅੰਮ੍ਰਿਤਸਰ ਵਿਚ ਦਾਖਲ ਹੋਏ ਅਤੇ ਦੂਜੇ ਨੰਬਰ ’ਤੇ ਲੁਧਿਆਣਾ ਰਿਹਾ ਹੈ ਜਿਥੇ 49171 ਕਲੇਮ ਦਾਖਲ ਹੋਏ ਹਨ। ਸਭ ਤੋਂ ਘੱਟ ਜ਼ਿਲਾ ਕਪੂਰਥਲਾ ਵਿਚ 12102 ਕਲੇਮ ਦਾਖਲ ਹੋਏ ਹਨ।

ਵੋਟਰ ਸੂਚੀਆਂ ਦੀ ਸੋਧ ਲਈ ਵਧੇਰੇ ਕਲੇਮ ਸ਼ਹਿਰੀ ਹਲਕਿਆਂ ਵਿਚ ਦਾਖਲ ਹੋਏ ਹਨ। ਪਿੰਡਾਂ ਦੇ ਵਸਨੀਕਾਂ ਨੇ ਇਸ ਕੰਮ ਵਿਚ ਕੋਈ ਦਿਲਚਸਪੀ ਨਹੀਂ ਲਈ ਅਤੇ ਬਹੁਤ ਘਟ ਥਾਵਾਂ ’ਤੇ ਕਲੇਮ ਦਾਖਲ ਹੋਏ ਹਨ।

### ਮਈ ਤੋ ਪਹਿਲਾਂ ਚੋਣਾਂ ਹੋਣੀਆਂ ਅਸੰਭਵ ਹਨ

ਉੱਚ ਸਰਕਾਰੀ ਸੂਤਰਾਂ ਅਨੁਸਾਰ ਕੇਂਦਰ ਮਾਰਚ ਵਿਚ ਹੋਰ ਰਾਜਾਂ ਦੀਆਂ ਵਿਧਾਇਕ ਚੋਣਾਂ ਮੁਕੰਮਲ ਕਰਕੇ ਫਿਰ ਪੰਜਾਬ ਅਤੇ ਹੋਰ ਰਾਜਾਂ ਵਲ ਪੂਰਾ ਧਿਆਨ ਦੇਵੇਗਾ।

(ਪੰਨਾ 1 ਦੀ ਬਾਕੀ)

ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕਨਵੀਨਰ ਸੁਰਜਨ ਸਿੰਘ ਠੇਕੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਪ੍ਰੇਮ ਸਿੰਘ ਲਾਲਪੁਰਾ ਨੇ ਚੰਦੋਮਾਜ਼ਰਾ ਦੀ ਗ੍ਰਿਫਤਾਰੀ ਦੀ ਨਿਖੇਧੀ ਕੀਤੀ ਹੈ।

ਇਸੇ ਦੌਰਾਨ ਫਰੀਦਕੋਟ ਤੋਂ ਤਿੰਨ ਕਥਿਤ ਅਤਿਵਾਦੀਆਂ ਨੂੰ ਵੀ ਫੜੇ ਜਾਣ ਦੀ ਖਬਰ ਹੈ ਜਿਨ੍ਹਾਂ ਕੋਲੋਂ ਅਸਲਾ ਵੀ ਬਰਾਮਦ ਕੀਤਾ ਗਿਆ ਹੈ।


Panjabi Guide No. 1
(ਪੰਜਾਬੀ ਗਾਈਡ ਨੰਬਰ 1)

ਛਪ ਕੇ ਤਿਆਰ ਹੋ ਗਈ

4 ਸਾਲ ਤੋਂ 8 ਸਾਲ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਾਓ

ਕੀਮਤ ਕੇਵਲ 5 ਡਾਲਰ

Panjabi Guide No. 2

ਇਹ ਵਰਕ-ਬੁੱਕ ਉਨ੍ਹਾਂ ਲਈ ਹੈ ਜੋ ਅੰਗਰੇਜ਼ੀ ਜਾਣਦੇ ਹਨ ਤੇ ਪੰਜਾਬੀ ਸਿਖਣਾ ਚਾਹੁੰਦੇ ਹਨ।

ਕੀਮਤ ਕੇਵਲ 10 ਡਾਲਰ

ਪੰਜਾਬੀ ਪ੍ਰੇਮੀਆਂ ਲਈ ਅਦੁੱਤੀ ਤੋਹਫਾ - ਅੱਜ ਹੀ ਹੇਠ ਲਿਖੇ ਪਤੇ ਤੇ ਦੋਵਾਂ ਗਾਈਡਾਂ ਲਈ ਲਿਖੋ :—

Kesar Singh
13487 - 98 A Ave.
Surrey, B.C. CANADA V3T 1C7
(604)581-3185



INCOME TAX

ਜੇ ਤੁਸੀਂ ਵੱਧ ਤੋਂ ਵੱਧ ਕਟੌਤੀਆਂ ਲੈ ਕੇ ਘੱਟ ਤੋਂ ਘੱਟ ਇਨਕਮ ਟੈਕਸ ਭਰਨਾ ਚਾਹੁੰਦੇ ਹੋ ਤਾਂ ਆਪਣੀਆਂ ਇਨਕਮ ਟੈਕਸ ਦੀਆਂ ਰੀਟਰਨਾਂ H.M. TAX ਦੇ ਤਜਰਬੇਕਾਰ ਸਟਾਫ ਤੋਂ ਭਰਵਾਉ।

hm tax
THE INCOME TAX EXPERTS

3369-B Kingsway
Vancouver, B.C.
438-3611

#207-6330 Fraser
Vancouver, B.C.
324-3937



ROYAL
new & used
FURNITURE

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ਰੌਇਲ ਫਰਨੀਚਰ ਲਿਮਿਟਿਡ

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525


PAUL TOOR

- ਲਿਵਿੰਗ ਰੂਮ
- ਡਾਇਨਿੰਗ ਰੂਮ
- ਬੈੱਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

**THE CANADA DARPAN**
(Punjabi Weekly Newspaper)
**P.O. Box 67344 Stn. 'O', Vancouver, B.C. V5W 3T1**
Chief Editor: (Hon.) DARSHAN GILL
Advertising: BHAV KHANDAN SINGH
Circulation: SATINDER SIDHU
Art: N. DHALIWAL
All office holders of CANADA DARPAN are honorary associates.

'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

# ਸੰਪਾਦਕੀ:ਲਿਖਣ ਤੇ ਬੋਲਣ ਦੀ ਆਜ਼ਾਦੀ ਉਤੇ ਹਮਲਾ

ਵੈਨਕੂਵਰ ਦੇ ਪ੍ਰਸਿੱਧ ਵਕੀਲ ਅਤੇ ਪੰਜਾਬੀ ਕਮਿਊਨਿਟੀ ਵਿਚ ਜਾਣੇ ਪਹਿਚਾਣੇ ਲੇਖਕ ਅਤੇ ਬੁਲਾਰੇ ਸ੍ਰੀ ਉਜੱਲ ਦੁਸਾਂਝ ਉਤੇ ਕਾਤਲਾਨਾ ਹਮਲਾ ਇਕ ਸੋਚੀ ਸਮਝੀ ਸਾਜ਼ਿਸ਼ ਦਾ ਸਿੱਟਾ ਹੈ। ਸ੍ਰੀ ਉਜੱਲ ਦੁਸਾਂਝ ਵਿਰੁੱਧ ਧੂੰਆਂਧਾਰ ਪ੍ਰਚਾਰ ਸਟੇਜਾਂ ਤੋਂ ਸਿੱਧੇ ਅਸਿੱਧੇ ਢੰਗ ਨਾਲ, ਫਿਰਕੂ ਅਖਬਾਰਾਂ ਵਿਚ ਲਿਖੀਆਂ ਜਾਂ ਲਿਖਵਾਈਆਂ ਗਈਆਂ ਚਿੱਠੀਆਂ ਅਤੇ ਲੇਖ ਅਤੇ ਇਥੋਂ ਤੱਕ ਕਿ ਸ੍ਰੀ ਉਜੱਲ ਦੁਸਾਂਝ ਬਾਰੇ 'ਕਹਾਣੀਆਂ' ਦੇ ਰੂਪ ਵਿਚ ਅਸਿੱਧਾ ਪ੍ਰਚਾਰ ਲਗਾਤਾਰ ਕੀਤਾ ਜਾ ਰਿਹਾ ਸੀ। ਟੈਲੀਫੋਨਾਂ ਉਤੇ ਧਮਕੀਆਂ ਸ੍ਰੀ ਉਜੱਲ ਦੁਸਾਂਝ ਨੂੰ ਲਗਾਤਾਰ ਮਿਲਦੀਆਂ ਰਹੀਆਂ ਹਨ। ਵੈਨਕੂਵਰ ਦੀ ਪੁਲੀਸ ਵੀ ਉਪਰੋਕਤ ਕਾਰਵਾਈਆਂ ਤੋਂ ਅਣਜਾਣ ਨਹੀਂ ਸੀ।

ਸ੍ਰੀ ਉਜੱਲ ਦੁਸਾਂਝ ਦਾ ਦੋਸ਼? ਉਨ੍ਹਾਂ ਦਾ ਦੋਸ਼ ਇਹ ਹੈ ਕਿ ਉਨ੍ਹਾਂ ਬੋਲਣ ਅਤੇ ਲਿਖਣ ਦੀ ਆਜ਼ਾਦੀ ਦਾ ਹੱਕ ਮੰਗਿਆ, ਜੋ ਹਰ ਇਨਸਾਨ ਦਾ ਬੁਨਿਆਦੀ ਹੱਕ ਹੈ। ਦੂਜੇ ਉਨ੍ਹਾਂ ਆਪਣੇ ਵਿਚਾਰਾਂ ਨੂੰ ਲਿਖਕੇ ਅਤੇ ਬੋਲ ਕੇ ਕਮਿਊਨਿਟੀ ਦੇ ਲੋਕਾਂ ਤੱਕ ਪਹੁੰਚਾਣ ਦੀ ਕੋਸ਼ਿਸ਼ ਕੀਤੀ, ਜੋ ਹਰ ਚੇਤੰਨ ਇਨਸਾਨ ਤੇ ਲੇਖਕ ਦਾ ਨੈਤਿਕ ਫਰਜ਼ ਹੈ। ਜੇ ਆਪਣੇ ਹੱਕ ਅਤੇ ਫਰਜ਼ ਨੂੰ ਉਨ੍ਹਾਂ ਪੂਰਾ ਕੀਤਾ ਹੈ ਤਾਂ ਉਹ ਲੋਕ ਜੋ ਉਨ੍ਹਾਂ ਨੂੰ ਕਾਫ਼ਰ, ਗ਼ਦਾਰ ਅਤੇ ਹੋਰ ਕਈ ਕਿਸਮ ਦੇ ਫ਼ਤਵੇ ਅਖਬਾਰਾਂ ਵਿਚ ਨਾਜ਼ਲ ਕਰਦੇ ਰਹੇ ਹਨ, ਉਹ ਆਪਣੇ ਲਿਖਣ ਅਤੇ ਬੋਲਣ ਦੇ ਹੱਕ ਦੀ ਆਜ਼ਾਦੀ ਵੀ ਮਾਣਦੇ ਰਹੇ ਹਨ ਤਾਂ ਇਹ ਹਮਲਾ ਕਰਨਾ ਜਾਂ ਕਰਵਾਉਣਾ ਉਨ੍ਹਾਂ ਲੋਕਾਂ ਦੀ ਜਿੱਤ ਨਹੀਂ ਸਗੋਂ ਨੈਤਿਕ ਹਾਰ ਹੈ। ਜਦ ਕਿਸੇ ਵੀ ਇਨਸਾਨ ਕੋਲ ਦਲੀਲ ਬਾਕੀ ਨਾ ਰਹੇ, ਤਾਂ ਉਹ ਕਾਤਲਾਨਾ ਹਮਲੇ ਵਰਗੇ ਹੋਛੇ ਹਥਿਆਰਾਂ ਉਤੇ ਉਤਰ ਆਉਂਦਾ ਹੈ।

ਇਹ ਹਮਲਾ ਕਿਸੇ ਜ਼ਾਤੀ ਰੰਜਸ਼ ਦਾ ਨਤੀਜਾ ਨਹੀਂ ਹੋ ਸਕਦਾ ਕਿਉਂਕਿ ਇਥੋਂ ਦੀਆਂ ਕੁਝ ਅਖਬਾਰਾਂ ਦਾ ਸੁਭਾਅ ਬਣ ਚੁੱਕਿਆ ਹੈ ਕਿ ਉਹ ਹਰ ਘਟਨਾ ਨੂੰ ਆਪਣੇ ਵਿਰੋਧੀ ਵਿਚਾਰਾਂ ਵਾਲਿਆਂ ਉਪਰ ਹੀ ਸੁਟਣ ਦੀ ਕੋਸ਼ਿਸ਼ ਜਾਣ ਬੁਝ ਕੇ ਕਰਦੇ ਹਨ।

ਸ੍ਰੀ ਉਜੱਲ ਦੁਸਾਂਝ ਕੁਝ ਲੋਕਾਂ ਦੀਆਂ ਨਜ਼ਰਾਂ ਵਿਚ ਇਸ ਕਰਕੇ ਚੁਭਦੇ ਹਨ ਕਿ ਉਹ ਕਮਿਊਨਿਟੀ ਵਿਚ ਏਕਤਾ ਅਤੇ ਸਦਭਾਵਨਾ ਕਾਇਮ ਰੱਖਣ ਦੀ ਲੋੜ ਨੂੰ ਮੁੜ ਮੁੜ ਚਿਤਾਰਦੇ ਹਨ। ਕੁਝ ਲੋਕ ਜਿਨ੍ਹਾਂ ਦਾ ਸਾਰਾ ਜ਼ੋਰ ਇਸ ਗੱਲ ਉਤੇ ਲੱਗਿਆ ਹੋਇਆ ਹੈ ਕਿ ਕਮਿਊਨਿਟੀ ਵਿਚ ਏਕਤਾ ਰਹੇਗੀ ਤਾਂ ਉਨ੍ਹਾਂ ਦੇ ਧੜਿਆਂ ਨੂੰ ਕੌਣ ਪੁੱਛੇਗਾ, ਏਕਤਾ ਦੀ ਗੱਲ ਤੋਂ ਉਂਝ ਹੀ ਤਿਲਮਲਾਉਂਦੇ ਹਨ। ਲੋਕਾਂ ਵਿਚ ਫੁੱਟ ਪਾ ਕੇ ਰੱਖਣਾ ਜਿਨ੍ਹਾਂ ਲੋਕਾਂ ਨੂੰ ਰਾਸ ਆਉਂਦਾ ਹੈ, ਉਹ ਕਿਵੇਂ ਚਾਹੁਣਗੇ ਕਿ ਸ੍ਰੀ ਦੁਸਾਂਝ ਕਮਿਊਨਿਟੀ ਵਿਚ ਏਕਤਾ ਦੀ ਗੱਲ ਕਰਨ। ਜਦ ਧੜਿਆਂ ਦੀ ਸਿਆਸਤ ਕਮਿਊਨਿਟੀ ਨੂੰ ਖੇਰੂੰ ਖੇਰੂੰ ਕਰਨ ਤੇ ਤੁਲੀ ਹੋਵੇ ਤਾਂ ਦੁਸਾਂਝ ਵਰਗੇ ਲੋਕਾਂ ਦੀ ਗੱਲ ਉਨ੍ਹਾਂ ਨੂੰ ਚੰਗੀ ਕਿਵੇਂ ਲੱਗੇ?

ਪੰਜਾਬ ਦਾ ਮਸਲਾ ਪੰਜਾਬ ਦੇ ਲੋਕਾਂ ਨੇ ਹੱਲ ਕਰਨਾ ਹੈ। ਪੰਜਾਬੀਆਂ ਦੇ ਹੱਕ ਖੋਹੇ ਜਾ ਰਹੇ ਹਨ, ਤਾਂ ਪੰਜਾਬੀ ਲੋਕ ਲੱਖਾਂ ਕੁਰਬਾਨੀਆਂ ਕਰਕੇ ਵੀ ਆਪਣੇ ਹੱਕ ਵਾਪਸ ਲੈਣਗੇ, ਇਹ ਸਾਨੂੰ ਸਭ ਪੰਜਾਬੀਆਂ ਨੂੰ ਪਤਾ ਹੈ। ਇਹ ਮਸਲਾ ਵੈਨਕੂਵਰ, ਟਰਾਂਟੋ, ਲੰਡਨ ਜਾਂ ਨੀਊਯਾਰਕ ਵਿਚ ਇਕ ਦੂਜੇ ਦੇ ਸਿਰ ਪਾੜ ਕੇ ਹੱਲ ਨਹੀਂ ਹੋਣਾ, ਇਹ ਮਸਲਾ ਪੰਜਾਬੀਆਂ ਨੇ ਪੰਜਾਬ ਵਿਚ ਹੀ ਹੱਲ ਕਰਨਾ ਹੈ। ਸ੍ਰੀ ਉਜੱਲ ਦੁਸਾਂਝ ਉਤੇ ਹਮਲੇ ਨੂੰ ਸਮੁੱਚੀ ਕਮਿਊਨਿਟੀ ਦੀ ਏਕਤਾ ਤੇ ਹਮਲਾ ਹੀ ਕਰਾਰ ਦਿਤਾ ਜਾ ਸਕਦਾ ਹੈ।

---

ਵੀਰੋ, ਸੰਤਾਲੀ ਦੀ ਤਰਾਸਦੀ ਨੂੰ ਨਾ ਭੁਲਾਓ।
ਸੀ ਖੜੇ-ਖੜੋਤੇ ਰਹਿ ਗਏ, ਸਾਡੀ ਡੁਬ ਗਈ ਨਾਓ।
ਮੁੜ ਤਿਲ੍ਹਕਣ-ਬਾਜ਼ੀ ਵਿਚ ਮਤੇ ਡਿਗ ਮੂੰਹ ਭਨਾਓ।
ਜਿਹੜੀ ਤਾਕਤ ਪਾੜੇ ਲੋਕਾਂ ਨੂੰ, ਉਹਨੂੰ ਮੂੰਹ ਨਾ ਲਾਓ।
ਤੁਸੀਂ ਪੱਲਾ ਫੜੋ ਪੰਜਾਬੀਅਤ ਦਾ ਖਾ ਕੇ ਤਾਓ।
ਜੋ ਹੈਨ ਬਦੀ ਦੇ ਪੁਤ ਉਨ੍ਹਾਂ ਨੂੰ ਟੱਕਰ ਜਾਓ।
ਨਾ ਮਮਤਾ ਸੁਆਗਤ ਕਰੇ, ਤੇ ਨਾ ਭੈਣਾਂ ਦਾ ਚਾਓ।
ਉਨ੍ਹਾਂ ਨੂੰ ਧਰਤੀ ਦੇਵੇ ਵਿਹਲ ਨਾ, ਨਾ ਮਿਲੇ ਟਿਕਾਓ।
ਅਜੇ ਅੱਲੇ ਨੇ ਸਾਨੂੰ ਕਲ੍ਹ ਲਗੇ ਸਨ ਜਿਹੜੇ ਘਾਓ।
ਚੱਲ ਗਿਆ ਸੀ ਚੰਦਰਾ ਸਾਮਰਾਜ ਜਦ ਆਪਣਾ ਦਾਓ।
ਅੱਜ ਮੁੜ ਹੈ ਖ਼ਤਰਾ ਉਪਜਿਆ, ਨਾ ਸੁਰਤ ਗੁਆਓ।
ਨਾ ਟੁੱਟੇ ਸਾਂਝ ਪੰਜਾਬ ਦੀ ਤੁਸੀਂ ਰਖ ਵਿਖਾਓ।
ਅਸੀਂ ਸੱਜਾ ਬਾਜ਼ੂ ਹਿੰਦ ਦਾ, ਇਹਦਾ ਤਰਾਣ ਵਧਾਓ।
ਸਾਂਝਾ ਏਕੇ ਤੇ ਸੰਗਰਾਮ ਦਾ ਤੁਸੀਂ ਗੀਤ ਅਲਾਓ।

ਪਿਆਰਾ ਸਿੰਘ ਸਹਿਰਾਈ

# ਮੁਰਾਸਲਨਾਮੇ

ਐਡੀਟਰ ਗਿੱਲ ਜੀ,

ਤੁਹਾਡੇ ਪਰਚੇ ਦੇ ਇਕ ਅੰਕ ਵਿਚ ਪ੍ਰੋ: ਹਰਬੰਸ ਸਿੰਘ ਦਾ ਇਕ ਗੁਰਸਿਖੀ ਬਾਰੇ ਲੇਖ ਛਪਿਆ ਸੀ। ਮੈਂ ਉਹ ਲੇਖ ਕਈ ਵਾਰ ਪੜ੍ਹਿਆ। ਉਸ ਤੋਂ ਇਹ ਸਿਧ ਹੋਇਆ ਕਿ ਗੁਰੂ ਨਾਨਕ ਸਾਹਿਬ ਨੇ ਸਿਖੀ ਦਾ ਪਰਚਾਰ ਮਨੁਖਤਾ ਲਈ ਕੀਤਾ ਖਾਸ ਕਰਕੇ ਪੂਰੇ ਹਿਦੁਸਤਾਨ ਲਈ, ਇਸ ਲਈ ਉਹ ਹਿਦੁਸਤਾਨ ਦੇ ਸਾਰੇ ਸੂਬਿਆਂ 'ਚ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਹਿਦੁਸਤਾਨ ਦੇ ਪੰਜ ਮੁੱਖ ਭਾਗਾਂ ਚੋਂ ਲੈ ਕੇ ਇਹ ਸਾਬਤ ਕੀਤਾ ਕਿ ਸਿਖ ਧਰਮ ਸਾਰੇ ਦੇਸ਼ ਵਿਚ ਫੈਲੇ। ਪਰ ਸਾਡੇ ਸਿਖ ਆਗੂਆਂ ਇਸ ਨੂੰ ਪੰਜਾਬ ਦੀਆਂ ਹੱਦਾਂ ਅੰਦਰ ਕੈਦ ਕਰ ਦਿੱਤਾ ਹੈ। ਪਿਛਲੇ ਸਾਲਾਂ ਵਿਚ ਅਤਿਵਾਦੀਆਂ ਅਮਰੀਕਨਾਂ ਹੱਥ ਵਿਕ ਕੇ ਇਸ ਨੂੰ ਅਖੌਤੀ ਖਾਲਿਸਤਾਨ ਦਾ ਰੂਪ ਦੇਣ ਲਈ ਬੇਗੁਨਾਹਾਂ ਦਾ ਲਹੂ ਡੋਲ੍ਹਿਆ।

ਹਿਦੁਸਤਾਨ ਦੀ ਸਰਕਾਰ ਨੇ ਸਾਡੀ ਤਾਰੀਖ ਵਿਚ ਚਿਤਰੀ ਸਾਰੇ ਲੋਕਾਂ ਦੀ ਆਜ਼ਾਦੀ ਲਈ ਮਹਾਨ ਕੁਰਬਾਨੀ ਦਾ ਬੜਾ ਨਿਰਾਦਰ ਕੀਤਾ ਹੈ। ਇੰਦਰਾ ਗਾਂਧੀ ਨੇ ਆਪ ਦੇ ਸਤਾਰਾਂ ਸਾਲਾਂ ਦੇ ਰਾਜ ਵਿਚ ਦੇਸ਼ ਦੇ ਲੋਕਾਂ ਦੀ ਇਕਮੁੱਠਤਾ ਨੂੰ ਬੁਰੀ ਤਰ੍ਹਾਂ ਨਕਾਰਾ ਕਰ ਦਿਤਾ।

ਗੁਰੂ ਸਾਹਿਬਾਂ ਅਤੇ ਹੋਰ ਦੇਸ਼ ਭਗਤਾਂ ਦੀ ਸਿੱਖਿਆ ਤੋਂ ਉਨ੍ਹਾਂ ਕੁਝ ਨਾ ਸਿਖਿਆ। ਨਵੀਂ ਕਾਂਗਰਸ ਸਰਕਾਰ ਨੂੰ ਸੋਚਣਾ ਚਾਹੀਦਾ ਹੈ।

ਤੁਸੀਂ ਇਸ ਤਰ੍ਹਾਂ ਦੇ ਹੋਰ ਲੇਖ ਵੀ ਛਾਪਿਆ ਕਰੋ। ਮੈਂ ਵਾਹਿਗੁਰੂ ਅਗੇ ਅਰਦਾਸ ਕਰਦਾ ਹਾਂ ਤੁਹਾਡੇ ਪਰਚੇ ਨੂੰ ਅਤੇ ਤੁਹਾਡੀ ਲੇਖਣੀ ਨੂੰ ਬਲ ਬਖਸ਼ੇ।

ਕੈਨੇਡਾ ਦਰਪਣ ਦਾ ਪਾਠਕ
ਜਸਦਿਆਲ ਸਿੰਘ ਢਿਲੋਂ

---

ਪਿਆਰੇ ਸੰਪਾਦਕ ਸਾਹਿਬ ਜੀ,

ਸਤਿ ਸ੍ਰੀ ਅਕਾਲ।

ਮੈਂ 'ਕੈਨੇਡਾ ਦਰਪਣ' ਕਾਫ਼ੀ ਸਮੇਂ ਤੋਂ ਪੜ੍ਹ ਰਿਹਾ ਹਾਂ। ਜਿੰਨ੍ਹਾਂ ਵਿਚ ਮੈਂ ਇਕ ਖਾਸ ਗੱਲ ਇਹ ਨੋਟ ਕੀਤੀ ਹੈ ਕਿ ਤੁਸੀਂ ਜੋ ਐਡੀਟੋਰੀਅਲ ਲਿਖਦੇ ਹੋ, ਉਹ ਬੜੇ ਹੀ ਬਾਦਲੀਲ ਅਤੇ ਕਿਸੇ ਵਿਸ਼ੇਸ਼ ਮਸਲੇ ਨੂੰ ਮੁੱਖ ਰੱਖਕੇ ਲਿਖੇ ਹੁੰਦੇ ਹਨ। ਜਿਵੇਂ ਪਿਛਲੇ ਪਰਚੇ ਵਿਚ ਭਾਰਤ ਵਿਚ ਦੇ ਜਾਸੂਸੀ ਕਾਂਡ ਨਾਲ ਸੰਬੰਧਤ ਐਡੀਟੋਰੀਅਲ ਬੜਾ ਹੀ ਨਿੱਗਰ ਸੀ। ਭਾਰਤ ਸਰਕਾਰ ਦੀ ਨਲਾਇਕੀ ਅਤੇ ਉਚ ਅਧਿਕਾਰੀਆਂ ਦੀ ਗਦਾਰੀ, ਅਮਰੀਕਨ ਅਤੇ ਫਰਾਂਸੀਸੀ ਦੂਤ ਘਰਾਂ ਤੇ ਸੀ. ਆਈ. ਏ. ਦੇ ਭਾਰਤ ਨੂੰ ਟੁਕੜੇ ਟੁਕੜੇ ਕਰਨ ਦੇ ਮਨਸੂਬਿਆਂ ਨੂੰ ਨੰਗਾ ਕੀਤਾ ਹੈ।

ਮੈਂ ਤੁਹਾਡੇ ਐਡੀਟੋਰੀਅਲ ਲਈ ਤੁਹਾਨੂੰ ਮੁਬਾਰਕ ਦਿੰਦਾ ਹਾਂ ਅਤੇ ਤੁਹਾਡੀ ਸੂਝ-ਬੂਝ ਦੀ ਦਾਦ ਦਿੰਦਾ ਹਾਂ।

ਇਥੋਂ ਦੇ ਇਕ ਹੋਰ ਫਿਰਕੂ ਦੇ ਐਡੀਟੋਰੀਅਲਾਂ ਦੀ ਦੂਰ-ਦਰਸ਼ਤਾਂ ਲੰਡੂਵਾਲ ਤੋਂ ਪਰੇ ਨਹੀਂ ਜਾਂਦੀ। ਜਿਸ ਕੋਲ ਜੋ ਚੀਜ਼ ਹੁੰਦੀ ਹੈ ਉਹ ਹੀ ਉਸ ਨੇ ਪਰਦਰਸ਼ਤ ਕਰਨੀ ਹੁੰਦੀ ਹੈ। ਭਾਈ ਕੋਲ ਘਟੀਆ ਬੋਲੀ, ਗਾਲਾਂ, ਨਫਰਤ, ਫਿਰਕੂ ਜ਼ਹਿਰ ਤੇ ਹੋਰ ਜੋ ਕੁਝ ਗੈਰ ਮਨੁੱਖੀ ਹੈ, ਉਸ ਦਾ ਹੀ ਖਜ਼ਾਨਾ ਹੈ, ਉਹ ਹੀ ਉਸਨੇ ਐਡੀਟੋਰੀਅਲਾਂ ਵਿਚ ਦੇਣਾ ਹੁੰਦਾ ਹੈ। ਇਸ ਵਿਚ ਕੋਈ ਫਰਕ ਨਹੀਂ ਕਿ ਕਾਂ ਪਾਕਿਸਤਾਨ ਦਾ ਹੈ ਜਾਂ ਅਮਰੀਕਾ ਦਾ ਹੈ, ਉਸ ਭਰੜੀ ਆਵਾਜ਼ ਕੱਢਦਿਆਂ ਗੰਦ ਉਪਰ ਹੀ ਬੈਠਣਾ ਹੁੰਦਾ ਹੈ।

ਤੁਹਾਡੀ ਮਿਹਨਤ ਦੀ ਹਰ ਕੋਈ ਕਦਰ ਕਰਦਾ ਹੈ।

ਤੁਹਾਡਾ ਸ਼ੁਭਚਿੰਤਕ
ਕਰਤਾਰ ਸਿੰਘ ਸੇਖੋਂ

---

## ਜਥੇਦਾਰ ਸਾਹਿਬ ਤੇ ਕਾਤਲਾਨਾ ਹਮਲਾ ਸਰਕਾਰ ਦੀ ਆਪਣੀ ਸਾਜ਼ਿਸ਼ ਹੈ

ਐਡੀਟਰ ਕੈਨੇਡਾ ਦਰਪਣ,

ਸਤਿ ਸ੍ਰੀ ਅਕਾਲ।

ਆਪ ਜੀ ਨੇ ਜਨਵਰੀ 23-29, 1985 ਵਾਲੇ ਪਰਚੇ ਸਫਾ 4 ਤੇ ਸੰਪਾਦਕੀ ਵਿਚ ਸਿੱਖਾਂ ਦੇ ਸ਼੍ਰੋਮਣੀ ਤਖਤ, ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਤੇ ਹੋਏ ਹਮਲੇ ਦਾ ਦੋਸ਼ ਰੀਤ ਅਨੁਸਾਰ, ਸਿਖ ਨੌਜਵਾਨਾਂ, ਜਿਨ੍ਹਾਂ ਨੂੰ ਤੁਸੀਂ ਸਮੇਂ ਸਮੇਂ ਅਤਿਵਾਦੀ, ਵੱਖਵਾਦੀ, ਬੰਦੂਕਧਾਰੀ, ਦਹਿਸ਼ਤਪਸੰਦ ਆਦਿਕ ਨਾਵਾਂ ਨਾਲ ਯਾਦ ਕਰਦੇ ਹੋ, ਸਿਰ ਮੜ੍ਹਿਆ ਹੈ। ਆਪ ਨੇ ਇਕ ਨੁਕਤੇ ਨੂੰ ਅਧਾਰ ਬਣਾ ਕੇ ਕਿ ਜਥੇਦਾਰ ਸਾਹਿਬ ਨੇ ਸ੍ਰੀ ਦਰਬਾਰ ਸਾਹਿਬ ਦੀ ਹੱਦ ਅੰਦਰ ਖਾਲਿਸਤਾਨ ਦਾ ਝੰਡਾ ਨਹੀਂ ਸੀ ਲਹਿਰਾਉਣ ਦਿਤਾ। ਇਸ ਕਰਕੇ ਇਹ ਹਮਲਾ ਸਿਖ ਨੌਜਵਾਨਾਂ ਨੇ ਹੀ ਕੀਤਾ ਹੈ। ਅਜਿਹਾ ਹੀ ਦੋਸ਼ ਪ੍ਰੇਮ ਭਾਟੀਏ (ਐਡੀਟਰ ਦੀ ਟ੍ਰਿਬਿਊਨ) ਨੇ ਸਿਖ ਨੌਜਵਾਨਾਂ ਤੇ ਲਾਇਆ ਹੈ।

ਆਪ ਜੀ ਨੂੰ ਇਸ ਬਾਰੇ ਗਿਆਨ ਹੈ ਕਿ ਪੰਜਾਬ ਦਾ ਚੱਪਾ ਚੱਪਾ ਮਿਲਟਰੀ, ਬਾਡਰ ਸਿਕਓਰਿਟੀ ਫੋਰਸ, ਕੇਂਦਰੀ ਰੀਜ਼ਰਵ ਪੁਲੀਸ ਅਤੇ ਪੰਜਾਬ ਪੁਲੀਸ ਨਾਲ ਵਿੰਨ੍ਹਿਆ ਪਿਆ ਹੈ। ਅਧੁਨਿਕ ਹਥਿਆਰਾਂ ਨਾਲ ਲੈਸ ਫੌਜੀ

(ਬਾਕੀ ਪੰਨਾ 13 ਤੇ)

ਸੰਪਾਦਕ ਕੈਨੇਡਾ ਦਰਪਣ

ਸਤਿ ਸ੍ਰੀ ਅਕਾਲ

ਇੰਡੋ ਕੈਨੇਡੀਅਨ ਅਖਬਾਰ ਵਿਚ ਲਗਾਤਾਰ ਸ੍ਰੀ ਗੁਰਚਰਨ ਰਾਮਪੁਰੀ ਦੀ ਬੇਇਜ਼ਤੀ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ! ਜੋ ਕਿ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹੈ। ਇਕ ਪ੍ਰਸਿਧ ਪੰਜਾਬੀ ਕਵੀ ਦੇ ਵਿਰੁੱਧ ਊਝਾਂ ਉਸਦੀ ਹੇਠੀ ਕਰਨ ਦੇ ਇਰਾਦੇ ਨਾਲ ਹੀ ਲਾਈਆਂ ਜਾ ਰਹੀਆਂ ਹਨ।

ਮੈਂ ਇਕ ਦੋਸਤ ਦੇ ਘਰ ਬੈਠਾ ਸੀ ਉਥੇ ਤੁਹਾਡਾ ਇਸ ਹਫਤੇ ਦਾ ਕੈਨੇਡਾ ਦਰਪਣ ਵਿਚ ਤੁਹਾਡੇ ਵਲੋਂ "ਹਰਦੇਵ ਵੜੈਚ ਦੀ ਬੁਖਲਾਹਟ" ਨਾਂ ਦਾ ਲੇਖ ਪੜ੍ਹਿਆ। ਮੈਂ ਆਪਣੇ ਦੋਸਤ ਤੋਂ ਪੁਛਿਆ ਕਿ ਵੜੈਚ ਕੌਣ ਬੰਦਾ ਹੈ। ਉਹ ਦੋਸਤ ਕਵਿਤਾ ਕਹਾਣੀਆਂ ਪੜ੍ਹਨ ਦਾ ਸ਼ੌਕੀਨ ਹੈ ਲਿਖਦਾ ਤਾਂ ਉਹ ਕੁਝ ਨਹੀਂ। ਉਸਨੇ ਦੱਸਿਆ ਕਿ ਵੈਨਕੂਵਰ ਇਕ ਸਾਹਿਤ ਸਭਾ ਸੀ, ਹਰਦੇਵ ਉਸਦਾ ਸੈਕਟਰੀ ਸੀ, ਜਸਵੰਤ ਮਾਂਗਟ ਪ੍ਰਧਾਨ ਸੀ। ਸਭਾ ਦੇ ਮੈਂਬਰਾਂ ਚੋਣ ਸਮੇਂ ਇਨ੍ਹਾਂ ਨੂੰ ਬਦਲਣ ਦਾ ਇਰਾਦਾ ਕੀਤਾ ਤਾਂ ਇਨ੍ਹਾਂ ਨੇ ਚੋਣ ਮੀਟਿੰਗ ਵਿਚ ਆਪ ਹੁਦਰਾਪਨ ਦਿਖਾਇਆ ਤਾਂ ਸਾਰੇ ਲੇਖਕ ਸਭਾ ਚੋਂ ਵਾਕ ਆਊਟ ਕਰ ਗਏ। ਇਹ ਕੋਈ ਸਾਲ ਡੇਢ ਸਾਲ ਦੀ ਗੱਲ ਹੈ। ਤਾਂ ਵੈਨਕੂਵਰ ਦੇ ਲੇਖਕਾਂ ਨੇ ਵੈਨਕੂਵਰ ਲੇਖਕ ਮੰਚ ਨਾਂ ਦੀ ਸਭਾ ਬਣਾ ਲਈ। ਜਿਸਦੀ ਹਰ ਮਹੀਨੇ ਮੀਟਿੰਗ ਹੁੰਦੀ ਹੈ। ਉਸ ਵੇਲੇ ਤੋਂ ਹਰਦੇਵ ਵੜੈਚ ਦਾ ਸਭਾ ਦੇ ਦੋ ਹੀ ਮੈਂਬਰ ਪ੍ਰਧਾਨ ਤੇ ਸੈਕਟਰੀ ਹੀ ਰਹਿ ਗਏ ਹਨ।

ਤੁਸੀਂ ਵੀ ਵੈਨਕੂਵਰ ਦੇ ਲੇਖਕ ਹੋ। ਸਭ ਕੁਝ ਜਾਣਦੇ ਹੋਵੋਗੇ। ਇਸ ਲਈ ਤੁਸੀਂ ਹਰਦੇਵ ਵੜੈਚ ਬਾਰੇ ਤਾਂ ਦਸ ਹੀ ਦਿਤਾ। ਜੇ ਇਸ ਬਾਰੇ ਵੀ ਕੁਝ ਦੱਸ ਸਕੋ ਤਾਂ ਹੋਰਾਂ ਪਾਠਕਾਂ ਨੂੰ ਵੀ ਪਤਾ ਲੱਗ ਜਾਵੇਗਾ। ਜਾਂ ਕੋਈ ਹੋਰ ਲੇਖਕ ਜੇਕਰ ਇਸ ਉਪਰ ਚਾਨਣਾ ਪਾ ਸਕੇ ਤਾਂ ਸਾਡੇ ਵਰਗੇ ਨਵੇਂ ਪਾਠਕਾਂ ਨੂੰ ਵੀ ਪਤਾ ਚੱਲ ਜਾਵੇ

ਆਪਦਾ ਪਾਠਕ
ਤੀਰਥ ਸਿੰਘ ਵੈਨਕੂਵਰ

---

ਸੰਪਾਦਕ ਦਰਪਣ,

ਅਸੀਂ ਇਹ ਖਤ ਇੰਡੋ-ਕੈਨੇਡੀਅਨ(Vol. 8 No. 5 ਸਫਾ 12) ਵਿਚ ਕਿਸੇ ਗੁਰਦੇਵ ਸਿੰਘ ਸਿੱਧੂ ਵਲੋਂ ਵੈਨਕੂਵਰ ਸੱਥ ਦੇ ਖਿਲਾਫ ਲਿਖੇ ਇਕ ਖਤ ਦੇ ਸਬੰਧ ਵਿਚ ਲਿਖ ਰਹੇ ਹਾਂ। ਇਹ ਖਤ ਦਰਪਣ ਨੂੰ ਅਸੀਂ ਇਸ ਲਈ ਲਿਖ ਰਹੇ ਹਾਂ ਕਿਉਂਕਿ ਇੰਡੋ-ਕੈਨੇਡੀਅਨ ਨੇ ਵੈਨਕੂਵਰ ਸੱਥ ਦੀਆਂ ਰਚਨਾਵਾਂ ਛਾਪਣ ਤੋਂ ਨਾਂਹ ਕਰ ਰੱਖੀ ਹੈ। ਪਰ ਅਫਸੋਸ ਦੀ ਗੱਲ ਹੈ ਕਿ ਸਾਡੇ ਖਿਲਾਫ ਇਹੋ ਜਿਹੇ ਖਤ ਛਾਪਣੋ ਉਹ ਫੇਰ ਵੀ ਨਹੀਂ ਹਟਿਆ। ਪਤਰਕਾਰੀ ਦੇ ਇਹ ਕਿਹੋ ਜਿਹੇ ਅਸੂਲ ਹਨ - ਸਮਝ ਨਹੀਂ ਆਉਂਦੀ।

ਗੁਰਦੇਵ ਸਿੰਘ ਨੇ ਆਪਣੇ ਖਤ ਵਿਚ ਸੱਥ ਉਪਰ ਇਹ ਇਲਜ਼ਾਮ ਲਾਇਆ ਹੈ ਕਿ ਇਸ ਨੇ ਸਿਖਾਂ ਵਿਰੁਧ ਡਰਾਮਾ ਕੀਤਾ ਹੈ ਤੇ ਉਹ ਡਰਾਮਾ ਸਰੀ ਟੀ. ਵੀ. ਤੇ ਵੀ ਦਿਖਾਇਆ ਗਿਆ। ਅਸੀਂ ਇਸ ਸਖਸ਼ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਜਿਸ ਡਰਾਮੇ ਦੀ ਇਹ ਗੱਲ ਕਰ ਰਹੇ ਹਨ ਵੈਨਕੂਵਰ ਸੱਥ ਨੇ ਉਹ ਡਰਾਮਾ ਕਦੇ ਨਹੀਂ ਕੀਤਾ। ਨਾ ਹੀ ਅੱਜ ਤੱਕ ਸੱਥ ਵਲੋਂ ਕੀਤਾ ਕੋਈ ਡਰਾਮਾ ਸਰੀ ਟੀ. ਵੀ. ਤੇ ਦਿਖਾਇਆ ਗਿਆ ਹੈ। ਸੱਥ ਨੇ ਹੁਣ ਤੱਕ ਜਿੰਨੇ ਡਰਾਮੇ ਕੀਤੇ ਹਨ ਉਹਨਾਂ ਬਾਰੇ ਹਰ ਕਿਸੇ ਨਾਲ ਹਰ ਤਰ੍ਹਾਂ ਦੀ ਗੱਲਬਾਤ ਕਰਨ ਲਈ ਤਿਆਰ ਹਾਂ। ਜਿਹੜੇ ਡਰਾਮੇ ਅਸੀਂ ਕੀਤੇ ਹਨ ਉਹਨਾਂ ਨੂੰ ਅਸੀਂ ਹਰ ਤਰਾਂ ਠੀਕ ਸਮਝਦੇ ਹਾਂ ਅਤੇ ਉਹਦੇ ਲਈ ਅਸੀਂ ਕਿਸੇ ਤੋਂ ਡਰਦੇ ਨਹੀਂ। ਅਸੀਂ ਗੁਰਦੇਵ ਸਿੰਘ ਹੋਰਾਂ ਨੂੰ ਸੁਲਾਹ ਦੇਵਾਂਗੇ (ਅਸੀਂ ਫੋਨ-ਬੁੱਕ ਚੋਂ ਇਹਨਾਂ ਦਾ ਫੋਨ ਵੀ ਲੱਭਣ ਦੀ ਕੋਸ਼ਿਸ਼ ਕੀਤੀ ਪਰ ਮਿਲਿਆ ਨਹੀਂ) ਕਿ ਉਹ ਸਾਡੇ ਡਰਾਮੇ ਦੇਖਣ ਤੇ ਜੇ ਉਹਨਾਂ ਨੂੰ ਉਹ ਪਸੰਦ ਨਾ ਹੋਣ ਤਾਂ ਉਹ ਜ਼ਰੂਰ ਉਹਦੀ ਅਲੋਚਨਾ ਕਰ ਸਕਦੇ ਹਨ। ਉਹਨਾਂ ਨੂੰ ਚਾਹੀਦਾ ਸੀ ਕਿ ਖਤ ਲਿਖਣ ਤੋਂ ਪਹਿਲਾਂ ਇਹ ਪਤਾ ਕਰ ਲੈਂਦੇ ਕਿ ਡਰਾਮਾ ਕੀਹਨੇ ਕੀਤਾ ਸੀ ਤੇ ਕਿਹੜੇ ਪ੍ਰੋਗਰਾਮ ਵਿਚ ਕੀਤਾ ਸੀ। ਉਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦੇ ਹਾਂ ਕਿ ਜਿਸ ਪ੍ਰੋਗਰਾਮ ਵਿਚ ਇਹ ਡਰਾਮਾ ਕੀਤਾ ਗਿਆ ਸੀ ਉਹ ਡੈਲਟਾ ਵਿਚ ਹੋਇਆ ਸੀ। ਪ੍ਰੋਗਰਾਮ ਦਾ ਪ੍ਰਬੰਧ ਕਰਨ ਵਾਲੇ ਮੋਢੀਆਂ ਵਿਚੋਂ ਇਕ ਸੱਜਣ ਉਹ ਸਨ ਜਿਹਨਾਂ ਪਿਛੇ ਜਿਹੇ ਸਰੀ ਗੁਰਦੁਆਰੇ ਲਈ ਪ੍ਰਧਾਨਗੀ ਦੀ ਇਲੈਕਸ਼ਨ ਲੜੀ ਸੀ ਪਰ ਕਾਮਯਾਬ ਨਹੀਂ ਹੋਏ। ਤੇ ਜੇ ਗੁਰਦੇਵ ਸਿੰਘ ਹੋਰਾਂ ਨੂੰ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਗਿਆਨੀ ਕੇਸਰ ਸਿੰਘ ਹੋਰਾਂ ਨੂੰ ਪੁੱਛ ਸਕਦੇ ਹਨ ਕਿਉਂਕਿ ਉਹ ਪ੍ਰੋਗਰਾਮ ਨੂੰ ਆਰੰਭ ਕਰਨ ਦੀ ਰਸਮ ਗਿਆਨੀ ਹੋਰੀਂ ਵਿਸਾਖੀ ਦੀ ਮਹੱਤਤਾ ਦੱਸ ਕੇ ਤੇ ਕਵਿਤਾ ਪੜ੍ਹ ਕੇ ਕੀਤੀ ਸੀ। ਉਸ ਪ੍ਰੋਗਰਾਮ ਵਿਚ ਕੀਤਾ ਹੋਇਆ ਡਰਾਮਾ ਬਾਅਦ ਵਿਚ ਟੀ. ਵੀ. ਤੇ ਦਿਖਾਇਆ ਗਿਆ। ਵੈਨਕੂਵਰ ਸੱਥ ਨਾਲ ਉਸ ਡਰਾਮੇ ਦਾ ਜਾਂ ਉਸ ਪ੍ਰੋਗਰਾਮ ਦਾ ਕੋਈ ਸਬੰਧ ਨਹੀਂ। ਗੁਰਦੇਵ ਸਿੰਘ ਹੋਰਾਂ ਨੂੰ ਚਾਹੀਦਾ ਹੈ ਕਿ ਆਪਣੀ ਗਲਤੀ ਦਾ ਅਹਿਸਾਸ ਕਰਨ। ਜਿਹੋ ਜਿਹੀ ਘਟੀਆ ਬੋਲੀ ਵਿਚ ਸਾਡੇ ਉਪਰ ਉਹਨਾਂ ਨੇ ਬਿਲਕੁਲ ਝੂਠੀ ਤੋਹਮਤ ਲਾਈ ਹੈ ਉਹਦੇ ਲਈ ਉਹਨਾਂ ਨੂੰ ਕਾਨੂੰਨੀ ਤੌਰ 'ਤੇ ਵੀ ਨੁਕਸਾਨ ਹੋ ਸਕਦਾ ਹੈ।

ਨਾਲ ਹੀ ਅਸੀਂ ਇਕ ਦੋ ਗੱਲਾਂ ਉਤੇ ਇੰਡੋ-ਕੈਨੇਡੀਅਨ ਨੂੰ ਵੀ ਦੱਸਣਾ ਚਾਹੁੰਦੇ ਹਾਂ, ਸਭ ਤੋਂ ਪਹਿਲੀ ਗੱਲ ਤਾਂ ਇਹੋ ਕਿ ਜਦ ਪੇਪਰ ਨੇ ਵੈਨਕੂਵਰ ਸੱਥ ਦੀ ਕੋਈ ਵੀ ਚੀਜ਼ ਤਰੋੜੇ ਮਰੋੜੇ ਬਿਨਾਂ ਛਾਪਣ ਤੋਂ ਇਨਕਾਰ ਕਰ ਰੱਖਿਆ ਹੈ ਤਾਂ ਫਿਰ ਸੱਥ ਦੇ ਖਿਲਾਫ ਆਏ ਖਤ ਕਿਉਂ ਛਾਪੇ ਜਾ ਰਹੇ ਹਨ। ਜੇ ਸਾਡੀਆਂ ਰਚਨਾਵਾਂ ਜਾਂ ਸਾਡੇ ਵਲੋਂ ਦਿਤੇ ਇਹੋ ਜਿਹੇ ਖਤਾਂ ਦੇ ਜਵਾਬ ਛਾਪਣ ਦੀ ਹਿੰਮਤ ਨਹੀਂ ਤਾਂ ਸਾਡੇ ਖਿਲਾਫ ਲਿਖਿਆ ਵੀ ਕੁਝ ਨਾ ਛਾਪਿਆ ਜਾਵੇ। ਤੁਸੀਂ ਜੋ ਪੱਤਰਕਾਰੀ ਦੇ ਅਸੂਲਾਂ ਬਾਰੇ ਇਨੀਆਂ ਲੰਮੀਆਂ ਫਿਲਾਸਫੀਆਂ ਝਾੜਦੇ ਰਹਿੰਦੇ ਹੋ ਕੀ ਉਹਨਾਂ ਮੁਤਾਬਕ ਇਹ ਠੀਕ ਹੈ? ਸਾਡੇ ਖਿਆਲ ਵਿਚ ਇਹ ਪਤਰਕਾਰੀ ਦੀ ਸ਼ਰੇਆਮ ਗਲਤ ਵਰਤੋਂ ਹੈ। ਨਾਲ ਹੀ ਅਸੀਂ ਇਹ ਵੀ ਦੱਸ ਦੇਣਾ ਚਾਹੁੰਦੇ ਹਾਂ ਕਿ ਪਿਛਲੇ ਕੁਝ ਮਹੀਨਿਆਂ ਵਿਚ ਇੰਡੋ-ਕੈਨੇਡੀਅਨ ਨੇ ਵੈਨਕੂਵਰ ਸੱਥ ਵਿਰੁੱਧ ਕਈ ਕੁਝ ਵਾਧੂ ਘਾਟੂ ਲਿਖਿਆ ਹੈ। ਇਸ ਕਿਸਮ ਦੀ ਘਟੀਆ ਪਤਰਕਾਰੀ ਵਿਚ ਪੈਣ ਨੂੰ ਅਸੀਂ ਸਮੇਂ ਦੀ ਬਰਬਾਦੀ ਸਮਝਦੇ ਹਾਂ।

ਵਲੋਂ
ਵੈਨਕੂਵਰ ਸੱਥ


**Goyal Travels Inc.**
4152 Fraser Street, Vancouver, B.C., Canada V5V 4E8
PH: (604) 872-7658
Toll Free Numbers
In B.C. 112-800-663-9079
In Alberta 1-800-663-9079
From 4 pm to 7 p.m.
Cheapest Fares to:
FIJI—INDIA—PAKISTAN—COLOMBO—NEPAL



IATA
THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:
- 2 Asia House, K.G. Marg, New Delhi—110001 Phone 389217
- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

(6) ਜਦੋਂ 1983 ਵਿੱਚ ਕਾਂਗਰਸ (ਆਈ) ਦੀ ਇਲਾਕਾਈ ਕਾਂਨਫਰਾਂਸ ਭੁਪਾਲ ਵਿੱਚ ਹੋਈ ਤਾਂ ਕਾਂਗਰਸ ਪਾਰਟੀ ਦੇ ਖਾਸ ਖਾਸ ਮਹਿਮਾਨਾਂ ਨੂੰ ਯੂਨੀਅਨ ਕਾਰਬਾਈਡ ਦੇ ਗੈਸਟ ਹਾਊਸ ਵਿੱਚ ਠਹਿਰਾਇਆ ਗਿਆ।

ਇਹਨਾਂ ਤੇ ਇਹੋ ਜਿਹੀਆਂ ਅਨੇਕਾਂ ਹੋਰ ਸਹੂਲਤਾਂ ਕਰਕੇ ਸਰਕਾਰ ਕੰਪਨੀ ਦੀਆਂ ਗਲਤੀਆਂ ਵੱਲੋਂ ਅੱਖਾਂ ਨਾ ਮੀਟੇਗੀ ਤਾਂ ਹੋਰ ਕੀ ਕਰੇਗੀ। ਬੇਸ਼ਕ ਸਮੇਂ ਸਮੇਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਸਰਕਾਰ ਕਈ ਤਰ੍ਹਾਂ ਦੇ ਡਰਾਮੇ ਕਰਦੀ ਰਹਿੰਦੀ ਹੈ। ਇਸੇ ਤਰ੍ਹਾਂ ਦਾ ਇਕ ਡਰਾਮਾ ਉਹਨਾਂ ਨੇ ਯੂਨੀਅਨ ਕਾਰਬਾਈਡ ਕੰਪਨੀ ਦੇ ਪ੍ਰਧਾਨ ਐਂਡਰਸਨ ਦੀ ਗ੍ਰਿਫਤਾਰੀ ਕਰਕੇ ਹਾਲ ਹੀ ਵਿਚ ਕੀਤਾ। ਦੁਰਘਟਨਾ ਤੋਂ ਬਾਅਦ ਜਦੋਂ ਐਂਡਰਸਨ ਨੇ ਭੁਪਾਲ ਜਾਣ ਦਾ ਪ੍ਰੋਗਰਾਮ ਬਣਾਇਆ ਤਾਂ ਉਸਨੂੰ ਸਰਕਾਰ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਉਸ ਨੂੰ ਕੁਝ ਨਹੀਂ ਕਿਹਾ ਜਾਵੇਗਾ। ਪਰ ਜਦੋਂ ਉਹ ਯੂਨੀਅਨ ਕਾਰਬਾਈਡ ਦੀ ਭਾਰਤੀ ਸ਼ਾਖਾਂ ਦੇ ਚੇਅਰਮੈਨ ਕੇ. ਮਹਿੰਦਰਾ ਅਤੇ ਹੋਰ ਅਧਿਕਾਰੀਆਂ ਨਾਲ ਭੁਪਾਲ ਆਇਆ ਤਾਂ ਉਹਨੂੰ ਗ੍ਰਿਫਤਾਰ ਕਰ ਲਿਆ ਗਿਆ। ਜਿੰਨੇ ਦੋਸ਼ ਉਹਦੇ ਉੱਪਰ ਲਾਏ ਗਏ ਉਹਨਾਂ ਦੀ ਸਜ਼ਾ ਸਜ਼ਾਏ-ਮੌਤ ਤੱਕ ਹੋ ਸਕਦੀ ਹੈ। ਅਤੇ ਇਹਨਾਂ ਦੋਸ਼ਾਂ ਅਧੀਨ ਮੁਜ਼ਰਿਮ ਦੀ ਜਮਾਨਤ ਨਹੀਂ ਹੋ ਸਕਦੀ। ਪਰ ਸਾਢੇ ਛੇਆਂ ਘੰਟਿਆਂ ਦੀ 'ਗੈਸਟ-ਹਾਊਸ ਐਰਿਸਟ' ਬਾਅਦ ਐਂਡਰਸਨ ਨੂੰ ਬਿਨ੍ਹਾਂ ਜੱਜ ਦੇ ਸਾਹਮਣੇ ਪੇਸ਼ ਕੀਤਿਆਂ ਪੁਲੀਸ ਨੇ 2600 ਡਾਲਰ ਦੀ ਜ਼ਮਾਨਤ ਤੇ ਰਿਹਾ ਕਰ ਦਿੱਤਾ। ਲੋਕਾਂ ਨਾਲ ਇਸ ਤੋਂ ਵੱਡਾ ਧੋਖਾ ਹੋਰ ਕੀ ਹੋ ਸਕਦਾ ਹੈ। ਪਹਿਲਾਂ ਤਾਂ ਪੁਲੀਸ ਕੋਲ ਉਸਨੂੰ ਰਿਹਾ ਕਰਨ ਦਾ ਕੋਈ ਅਧਿਕਾਰ ਨਹੀਂ ਸੀ ਪਰ ਫੇਰ ਵੀ ਰਿਹਾ ਕੀਤਾ ਗਿਆ। ਫਿਰ 2600 ਡਾਲਰ ਦੀ ਜ਼ਮਾਨਤ ਤੇ ? ਜਿਸ ਆਦਮੀ ਦੀ 1983 ਵਿੱਚ ਸਾਲ ਦੀ ਤਨਖਾਹ 11 ਲੱਖ ਡਾਲਰ ਸੀ ਉਹਦੇ 2600 ਡਾਲਰ ਕੀ ਮਹੱਤਤਾ ਰੱਖਦੇ ਹਨ।

ਉਪਰ ਕੀਤੇ ਵਿਚਾਰਾਂ ਤੋਂ ਇਕ ਗੱਲ ਸਾਫ ਜ਼ਾਹਿਰ ਹੋ ਜਾਂਦੀ ਹੈ ਕਿ ਸਰਕਾਰ ਕੰਪਨੀ ਦੇ ਹੱਥਾਂ ਵਿੱਚ ਖੇਡਦੀ ਰਹੀ ਹੈ ਅਤੇ ਇਹਨੇ ਕਦੀ ਵੀ ਲੋਕਾਂ ਪ੍ਰਤੀ ਆਪਸੀ ਜ਼ੁੰਮੇਂਵਾਰੀ ਮਹਿਸੂਸ ਨਹੀਂ ਕੀਤੀ। ਕਾਰਖਾਨੇ ਵਿਚਲੇ ਸੇਫਟੀ ਸਟੈਂਡਰਜ ਵੱਲੋਂ ਅੱਖਾਂ ਮੀਟ ਰੱਖਣ ਕਰਕੇ ਸਰਕਾਰ ਸਿੱਧੇ ਤੌਰ ਤੇ ਇਹਨਾਂ ਮੌਤਾਂ ਲਈ ਜ਼ਿੰਮੇਦਾਰ ਹੈ।

**ਯੂਨੀਅਨ ਕਾਰਬਾਈਡ ਦਾ ਰੋਲ:**

ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਇਹ ਕੰਪਨੀਆਂ ਅਮਰੀਕਾ ਤੇ ਯੂਰਪ ਵਿੱਚ ਸੇਫਟੀ ਦੇ ਹੋਰ ਅਤੇ ਗਰੀਬ ਮੁਲਕਾਂ ਵਿੱਚ ਸੇਫਟੀ ਦੇ ਹੋਰ ਸਟੈਂਡਰਡ ਰੱਖਦੀਆਂ ਹਨ। ਭਾਵੇਂ ਭੁਪਾਲ ਹਾਦਸੇ ਤੋਂ ਬਾਅਦ ਇਸ ਕੰਪਨੀ ਦਾ ਕਹਿਣਾ ਹੈ ਕਿ ਭੁਪਾਲ ਵਿਚਲੇ ਕਾਰਖਾਨੇ ਵਿੱਚ ਵੀ ਉਹੋ ਜਿਹੀ ਸੇਫਟੀ ਹੈ ਜਿਹੋ ਜਿਹੀ ਅਮਰੀਕਾ ਵਿੱਚ ਵੈਸਟ ਵਿਰਜੀਨੀਆਂ ਦੇ ਇਸੇ ਤਰ੍ਹਾਂ ਸਿਸਟਰ ਪਲਾਂਟ (Sister Plant) ਦੇ ਕਾਰਖਾਨੇ ਵਿੱਚ ਹਨ। ਪਰ ਜੇ ਤੱਥਾਂ ਨੂੰ ਗੌਰ ਨਾਲ ਦੇਖਿਆ ਜਾਵੇ ਤਾਂ ਉਨ੍ਹਾਂ ਦਾ ਇਹ ਦਾਅਵਾ ਗਲਤ ਸਿੱਧ ਹੋ ਜਾਂਦਾ ਹੈ। ਉਦਾਹਰਣ ਵਜੋਂ ਕੁੱਝ ਤੱਥ:—

(1) ਅਮਰੀਕਾ ਵਿਚਲੇ ਪਲਾਂਟ ਵਿਚ ਕੰਪਿਊਟਰ ਸਿਸਟਮ ਹੈ ਜਿਹੜਾ ਪਲਾਂਟ ਵਿੱਚ ਇਸ ਤਰ੍ਹਾਂ ਦੇ ਹਾਦਸੇ ਬਾਰੇ ਪਹਿਲਾਂ ਹੀ ਚਿਤਾਵਨੀ ਦੇ ਸਕਦਾ ਹੈ ਪਰ ਭੁਪਾਲ ਵਾਲੇ ਕਾਰਖਾਨੇ ਵਿਚ ਅਜਿਹਾ ਸਿਸਟਮ ਨਹੀਂ।

(2) ਅਮਰੀਕਾ ਵਾਲੇ ਪਲਾਂਟ ਵਿੱਚ ਚਾਰ ਅਲਾਰਮ ਸਿਸਟਮ ਹਨ ਜਿਹੜੇ ਕਿਸੇ ਵੀ ਹਾਦਸੇ ਬਾਰੇ ਵੱਖ ਵੱਖ ਸਟੇਜ 'ਤੇ ਸੁਚੇਤ ਕਰਦੇ ਹਨ ਪਰ ਭੁਪਾਲ ਵਾਲੇ ਕਾਰਖਾਨੇ ਵਿਚ ਸਿਰਫ ਇਕ ਆਪ ਚਲਾਉਣ ਵਾਲਾ (Manual Operated) ਵਾਰਨਿੰਗ ਸਿਸਟਮ ਹੈ।

(3) ਅਮਰੀਕਾ ਵਿਚ ਮਿਥਾਈਲ ਆਇਸੋਸਾਈਨੇਟ ਗੈਸ ਇਕ ਟੈਂਕ ਵਿੱਚ ਵੱਧ ਤੋਂ ਵੱਧ 1000 ਤੋਂ 2000 ਗੇਲਣ ਤੱਕ ਹੀ ਸਟੋਰ ਕੀਤੀ ਜਾਂਦੀ ਹੈ ਪਰ ਭੁਪਾਲ ਵਿਚ ਇਕ ਟੈਂਕ ਵਿਚ 45 ਟਨ ਗੈਸ ਸਟੋਰ ਕੀਤੀ ਗਈ। ਥੋੜੀ ਥੋੜੀ ਗੈਸ ਸਟੋਰ ਕਰਨ ਲਈ ਕੰਪਨੀ ਨੂੰ ਹੋਰ ਟੈਂਕਾਂ ਤੇ ਪੈਸਾ ਖਰਚ ਕਰਨਾ ਪੈਣਾ ਸੀ। ਕੰਪਨੀ ਨੇ ਮੁਨਾਫਾ ਕਾਇਮ ਰੱਖਣ ਲਈ ਪੈਸੇ ਖਰਚ ਕਰਕੇ ਟੈਂਕ ਨਹੀਂ ਬਣਾਏ ਸਗੋਂ ਟੈਂਕਾਂ ਵਿੱਚ ਜ਼ਿਆਦਾ ਗੈਸ ਸਟੋਰ ਕਰਕੇ ਹਜ਼ਾਰਾਂ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਿਆ।

(4) ਭਾਰਤ ਦੇ ਸਨਅਤੀ ਐਕਟ ਮੁਤਾਬਿਕ ਅਜਿਹੇ ਪਲਾਂਟ ਕੋਲ ਹਾਦਸਾ ਵਾਪਰਨ ਦੀ ਸੂਰਤ ਵਿੱਚ ਲੋੜੀਂਦਾ ਸਾਜ਼ੋ-ਸਮਾਨ, ਲੈਬਾਰਟ੍ਰੀ ਅਤੇ ਹਸਪਤਾਲ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਪਰ ਭੁਪਾਲ ਪਲਾਂਟ ਵਿੱਚ ਅਤੇ ਆਸ ਪਾਸ ਕੋਈ ਲੈਬਾਰਟਰੀ ਸਥਾਪਤ ਨਹੀਂ ਕੀਤੀ ਗਈ।

(5) ਮਿਥਾਈਲ ਆਇਸੋਸਾਈਨੇਟ ਗੈਸ ਸਟੋਰ ਕਰਨ ਵਾਲੇ ਟੈਂਕਾਂ ਉਪਰ ਦੋ ਬਚਾਉ ਜੰਤਰ (Safety Devices) ਲੱਗੇ ਹੋਏ ਸਨ। ਪਰ ਇਸ ਦੁਰਘਟਨਾ ਵਕਤ ਇਨ੍ਹਾਂ ਦੋਹਾਂ ਜੰਤਰਾਂ ਨੇ ਕੰਮ ਨਹੀਂ ਕੀਤਾ। ਇਨ੍ਹਾਂ ਜੰਤਰਾਂ ਨੂੰ ਸਮੇਂ ਸਮੇਂ ਚੈਕ ਕਰਨਾ ਜ਼ਰੂਰੀ ਹੈ ਪਰ ਚੈਕ ਕਰਨ ਲਈ ਸਮਾਂ ਕੱਢਣਾ ਪੈਂਦਾ ਹੈ ਤੇ ਇਹ ਸਮਾਂ ਇਹਨਾਂ ਲੋਕਾਂ ਲਈ ਸਰਮਾਇਆ ਹੁੰਦਾ ਹੈ ਇਸ ਲਈ ਇਹ ਕੰਪਨੀਆਂ ਵਾਧੂ ਚੈਕ-ਅੱਪ ਵਿਚ ਸਮਾਂ/ਸਰਮਾਇਆ ਬਰਬਾਦ ਨਹੀਂ ਕਰਦੀਆਂ।

ਗਰੀਬ ਮੁਲਕਾਂ ਵਿੱਚ ਇਕ ਤਾਂ ਸੇਫਟੀ ਕਾਨੂੰਨ ਤੇ ਸਟੈਂਡਰਡ ਪਹਿਲਾਂ ਹੀ ਘੱਟ ਹੁੰਦੇ ਹਨ ਦੂਜੇ ਇਹ ਵੱਡੀਆਂ ਕੰਪਨੀਆਂ ਇਨ੍ਹਾਂ ਦੀ ਪਰਵਾਹ ਨਹੀਂ ਕਰਦੀਆਂ। ਕੋਈ ਵੀ ਫੈਸਲਾ ਕਰਨ ਵੇਲੇ ਇਹ ਕੰਪਨੀਆਂ ਡਾਲਰ ਨੂੰ ਹੀ ਧਿਆਨ ਵਿੱਚ ਰੱਖਦੀਆਂ ਹਨ। ਗਰੀਬ ਮੁਲਕਾਂ ਵਿੱਚ ਦੁਰਘਟਨਾਵਾਂ ਵਿਚ ਮਾਰੇ ਗਏ ਲੋਕਾਂ ਨੂੰ ਮੁਆਵਜ਼ਾ ਦੇਣ ਦੀ ਰਕਮ ਬਹੁਤ ਹੀ ਥੋੜੀ ਹੁੰਦੀ ਹੈ। ਇਹ ਕੰਪਨੀਆਂ ਕਿਸੇ ਸੇਫਟੀ ਸਿਸਟਮ ਨੂੰ ਲਾਉਣ ਵੇਲੇ ਹਿਸਾਬ ਲਾਉਂਦੀਆਂ ਹਨ ਕਿ ਹਾਦਸੇ ਦੇ ਕੇਸ ਵਿੱਚ ਮਰਨ ਵਾਲੇ ਲੋਕਾਂ ਨੂੰ ਪੈਸੇ ਜ਼ਿਆਦਾ ਦੇਣੇ ਪੈਣਗੇ ਕਿ ਸਿਸਟਮ ਲਾਉਣ ਤੇ ਜ਼ਿਆਦਾ ਆਮ ਤੌਰ ਤੇ ਗਰੀਬ ਮੁਲਕਾਂ ਵਿੱਚ ਸਿਸਟਮ ਲਾਉਣ ਨਾਲੋਂ ਮਰ ਗਿਆਂ ਦਾ ਮੁਆਵਜ਼ਾ ਦੇਣਾ ਸਸਤਾ ਲੱਗਦਾ ਹੈ। ਇਸ ਲਈ ਇਹੋ ਜਿਹੀਆਂ ਕੰਪਨੀਆ ਇਹਨਾਂ ਬਚਾਓ ਸਾਧਨਾਂ ਵੱਲ ਬਹੁਤ ਧਿਆਨ ਨਹੀਂ ਦਿੰਦੀਆਂ। ਯੂਨੀਅਨ ਕਾਰਬਾਈਡ ਦੇ ਅਮਰੀਕਾ ਵਿਚਲੇ ਕਾਰਖਾਨੇ ਦਾ ਅਤੇ ਭੁਪਾਲ ਵਿਚਲੇ ਕਾਰਖਾਨੇ ਦਾ ਮੁਕਾਬਲਾ ਕੀਤਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕੰਪਨੀ ਅਮਰੀਕਾ ਅਤੇ ਗਰੀਬ ਮੁਲਕਾਂ ਲਈ ਦੂਹਰੇ ਮਾਪ ਰੱਖਦੀ ਹੈ। ਇਸ ਤਰ੍ਹਾਂ ਇਹ ਦੂਹਰੇ ਮਾਪ (Double Standards) ਕਰਕੇ ਇਹ ਕੰਪਨੀ ਵੀ ਹੋਏ ਮਨੁੱਖੀ ਕਤਲਾਂ ਲਈ ਬਰਾਬਰ ਦੀ ਜ਼ੁੰਮੇਂਵਾਰ ਹੈ।

**ਸਿੱਟਾ:** ਉਪਰਲੇ ਵਿਸਥਾਰ ਪੂਰਵਕ ਵਟਾਂਦਰੇ ਤੋਂ ਇਹ ਗੱਲ ਭਲੀ ਭਾਤ ਸਪੱਸ਼ਟ ਹੋ ਜਾਂਦੀ ਹੈ ਕਿ ਭੁਪਾਲ ਵਿਚਲੇ ਵਾਪਰੇ ਇਸ ਭਿਆਨਕ ਕਾਂਡ ਦੀ ਜਿੰਮੇਵਾਰੀ ਸਰਕਾਰ ਅਤੇ ਯੂਨੀਅਨ ਕਾਰਬਾਈਡ ਦੋਹਾਂ ਦੇ ਸਿਰ ਬਰਾਬਰ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹੋ ਜਿਹੀਆਂ ਦੁਰਘਟਨਾਵਾਂ ਨੂੰ ਰੋਕਣ ਦਾ ਭਵਿੱਖ ਵਿੱਚ ਕੀ ਤਰੀਕਾ ਹੈ। ਇਹੋ ਜਿਹੇ ਹਾਦਸਿਆਂ ਨੂੰ ਰੋਕਣ ਦਾ ਇਕੋ ਹੱਲ ਹੈ ਕਿ ਭਾਰਤ ਵਿੱਚ ਲੋਕਾਂ ਦੀ ਸਰਕਾਰ ਹੋਵੇ। ਇਹੋ ਜਿਹੀ ਸਰਕਾਰ ਹੋਵੇ ਜੋ ਇਨ੍ਹਾਂ ਵੱਡੀਆਂ ਕਾਰਪੋਰੇਸ਼ਨਾਂ ਦੇ ਦਬਾਅ ਹੇਠਾਂ ਆਉਣ ਤੋਂ ਬਿਨਾਂ ਲੋਕਾਂ ਦੀ ਜਾਨ ਮਾਲ ਦੀ ਰਾਖੀ ਨੂੰ ਇਨ੍ਹਾਂ ਕੰਪਨੀਆਂ ਦੇ ਮੁਨਾਫੇ ਤੋਂ ਵੱਧ ਮਹੱਤਤਾ ਦਿੰਦੀ ਹੋਵੇ। ਇਸ ਲਈ ਲੋਕਾਂ ਨੂੰ ਚਾਹੀਦਾ ਹੈ ਕਿ ਅਜਿਹੀ ਸਰਕਾਰ ਅਤੇ ਅਜਿਹਾ ਆਰਥਿਕ ਢਾਂਚਾ ਪੈਦਾ ਕਰਨ ਲਈ ਯਤਨਸ਼ੀਲ ਹੋਣ। ਤਾਂ ਹੀ ਇਹੋ ਜਿਹੇ ਭਿਆਨਕ ਖੂਨੀ ਕਾਂਡਾਂ ਨੂੰ ਵਾਪਰਨੋਂ ਰੋਕਿਆ ਜਾ ਸਕਦਾ ਹੈ।

# ਫੌਜੀ ਜਾਸੂਸਾਂ ਦਾ ਗ੍ਰੋਹ ਬੇਨਕਾਬ ਅਫਸਰਾਂ ਸਮੇਤ 10 ਗ੍ਰਿਫਤਾਰ

**ਜੰਮੂ:** (ਐਸ. ਪੀ. ਸ਼ਰਮਾ) ਸੁਰੱਖਿਆ ਦਲਾਂ ਨੇ ਫੌਜ ਵਿਚ ਜਾਸੂਸੀ ਦੇ ਜਾਲ ਦਾ ਪਤਾ ਲਾਇਆ ਹੈ ਅਤੇ ਇਸ ਸਬੰਧ ਵਿਚ ਫੌਜ ਦੇ ਕੁਝ ਕਮਿਸ਼ਨ ਅਫਸਰਾਂ ਸਮੇਤ ਰੱਖਿਆ ਅਮਲੇ ਦੇ ਦਸ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਗ੍ਰਿਫਤਾਰ ਕੀਤੇ ਅਫਸਰਾਂ ਦੇ ਅਹੁਦੇ ਕੈਪਟਨ ਤੇ ਮੇਜਰ ਦੇ ਹਨ। ਇਹ ਗ੍ਰਿਫਤਾਰੀਆਂ ਹਾਲ ਵਿਚ ਹੀ ਯਕੀਕਨ ਕੋਈ ਸਬੂਤ ਮਿਲਣ ਪਿਛੋਂ ਹੋਈਆਂ ਹਨ। ਇਤਫਾਕ ਨਾਲ ਇਸ ਜਾਲ ਦਾ ਐਨ ਉਸ ਸਮੇਂ ਪਤਾ ਲੱਗਾ ਹੈ ਜਦੋਂ ਦਿੱਲੀ ਵਿਚ ਇਕ ਵਖਰੇ ਜਾਸੂਸੀ ਕਾਂਡ ਦਾ ਭੇਤ ਖੁਲ੍ਹਿਆ ਹੈ।

ਪਤਾ ਲੱਗਾ ਹੈ ਕਿ ਇਨ੍ਹਾਂ ਅਫਸਰਾਂ ਨੇ ਦੇਸ਼ ਦੇ ਉਤਰੀ ਖਿੱਤੇ ਵਿਚ ਜਿਥੇ ਜਿਥੇ ਫੌਜ ਤਾਇਨਾਤ ਕੀਤੀ ਗਈ ਹੈ, ਉਸ ਸੰਬੰਧੀ ਮਹੱਤਵ ਪੂਰਨ ਸੂਚਨਾ ਪਾਕਿਸਤਾਨ ਨੂੰ ਦਿੱਤੀ ਹੈ।


**Real Plumbing & Electrical Supply**

7211 Main St.(at 56th Ave.)
VANCOUVER, B.C. V5X 3J3




- ਸੇਲਜ਼ ਐਂਡ ਸਰਵਿਸ
- ਪਲਬਿੰਗ
- ਹੀਟਿੰਗ
- ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
- ਸਰਮਿਕ ਟਾਈਲਜ ਇਨਸਟਾਲੇਸ਼ਨ



Do-It- Yourself

- ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ

Satwinder Reehal ਸਤਵਿੰਦਰ ਰੀਹਲ

**Ph. 324 - 7066**

**United Realty Ltd.**

3879 Oak Street, Vancouver, B.C. V6H 2M6

- **BUYING**
- **SELLING**

**Free Evaluation For Your Property Call Any Time Without Any Obligation.**

**Malkit Dhami,** M.A. (Eco.)
Office: 736-3831 Res: 434-8548
Pager 524-8581, #2229

# FOGG MOTORS

**60 - 10th Street, New Westminster**

1. ਸਾਡੇ ਕੋਲ ਬਹੁਤ ਸਾਰੀਆਂ ਪੁਰਾਣੀਆਂ ਕਾਰਾਂ ਵੈਨਾਂ ਅਤੇ ਪਿਕਅੱਪ ਹਨ, ਜਿੰਨ੍ਹਾਂ ਦੀ ਕੀਮਤ ਦਾ ਕੋਈ ਮੁਕਾਬਲਾ ਨਹੀਂ ਹੈ।
2. ਅੱਛੀਆਂ ਕਾਰਾਂ, ਪਿਕਅੱਪ ਅਤੇ ਵੈਨਾਂ ਸਸਤੇ ਰੇਟ ਅਤੇ ਆਸਾਨ ਕਿਸ਼ਤਾਂ ਤੇ ਲੈਣ ਲਈ ਆਪਣੀ ਕਮਿਊਨਿਟੀ ਦੇ ਜਾਣੇ ਪਛਾਣੇ ਤੇ ਭਰੋਸੇਯੋਗ ਸੇਲਜ਼ਮੈਨ ਨੂੰ ਸਦਾ ਯਾਦ ਰੱਖੋ। ਅਗਰ ਤੁਸੀਂ ਕਦੀ GMC, Chrysler ਜਾਂ Ford ਦੀ ਕਾਰ ਲੈਣੀ ਹੋਵੇ ਤਾਂ ਵੀ ਸੁਖਜਿੰਦਰ ਸਿੰਘ ਹੋਰਾਂ ਨੂੰ ਮਿਲੋ ਜਾਂ ਫੋਨ ਕਰੋ ਉਹ ਤੁਹਾਨੂੰ ਅੱਛੀ ਸਲਾਹ ਦੇ ਕੇ ਫਖਰ ਮਹਿਸੂਸ ਕਰਦੇ ਹਨ।

ਅਸੀਂ ਹਰ ਐਤਵਾਰ 11 ਵਜੇ ਸਵੇਰ ਤੋਂ ਲੈ ਕੇ 4 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ।



**Sukhjinder Bath (Sukhi)**
Bus: 522-2821
Res: 594-7712

# ਦੋਸ਼ੀ ਕੌਣ ਹਨ?

(ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ ਵਿਚ 31 ਅਕਤੂਬਰ ਤੋਂ 10 ਨਵੰਬਰ ਤੱਕ ਹੋਏ ਦੰਗੇ ਫਸਾਦਾਂ ਦੇ ਕਾਰਨ ਅਤੇ ਅਸਰ ਬਾਰੇ ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ(ਪੀ. ਯੂ. ਡੀ. ਆਰ) ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼(ਪੀ. ਯੂ. ਸੀ. ਐਲ.) ਸਾਂਝੀ ਜਾਂਚ ਕਮੇਟੀ ਦੀ ਰੀਪੋਰਟ ਜੋ ਪਹਿਲਾਂ ਅੰਗਰੇਜ਼ੀ ਵਿਚ ਛਪੀ ਸੀ ਉਸਦਾ ਸਹੀ ਅਨੁਵਾਦ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਨ ਸਿੰਘ ਹੋਰਾਂ ਨੇ ਕੀਤਾ ਹੈ ਅਤੇ 'ਕੈਨੇਡਾ ਦਰਪਣ' ਨੂੰ 'ਕੈਨੇਡਾ ਦਰਪਣ' ਦੇ ਇਕ ਸੁਹਿਰਦ ਹਿਤੈਸ਼ੀ ਰਾਹੀਂ ਪ੍ਰਾਪਤ ਹੋਇਆ ਹੈ। ਇਹ ਰੀਪੋਰਟ 'ਕੈਨੇਡਾ ਦਰਪਣ' ਦੇ ਪਾਠਕਾਂ ਦੀ ਜਾਣਕਾਰੀ ਲਈ ਲੜੀਵਾਰ ਛਪੇਗੀ। ਅਸੀਂ ਪ੍ਰੋ: ਜਗਮੋਹਣ ਸਿੰਘ ਹੋਰਾਂ ਦੇ ਧੰਨਵਾਦੀ ਹਾਂ। ਅਤੇ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਰਿਣੀ ਹਾਂ — ਸੰਪਾਦਕ)

## 1. ਭੂਮਿਕਾ

ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ (ਪੀ. ਯੂ. ਡੀ. ਆਰ.) ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼(ਪੀ. ਯੂ. ਸੀ. ਐਲ.) ਨੇ ਦਿੱਲੀ ਵਿਚ ਹੋਈ ਹਿੰਸਾ ਅਤੇ ਦੰਗੇ ਫਸਾਦਾਂ ਦੀ ਜਾਂਚ-ਪੜਤਾਲ ਕਰਨ ਲਈ ਇਕ ਸਾਂਝੀ ਤਥ-ਖੋਜ ਕਮੇਟੀ ਬਣਾਈ। ਇਕ ਤੋਂ ਦਸ ਨਵੰਬਰ ਤੱਕ ਕੀਤੀ ਜਾਂਚ ਦੌਰਾਨ, ਕਮੇਟੀ ਇਸ ਸਿੱਟੇ ਤੇ ਪੁੱਜੀ ਕਿ ਦਿੱਲੀ ਅਤੇ ਇਸ ਦੇ ਆਸ-ਪਾਸ ਦੀਆਂ ਬਸਤੀਆਂ ਵਿਚ ਸਿੱਖਾਂ ਵਿਰੁੱਧ ਹੋਈ ਹਿੰਸਾ, ਸ੍ਰੀਮਤੀ ਗਾਂਧੀ ਦੀ ਹੱਤਿਆ ਤੇ ਆਮ ਜਨਤਾ ਵਲੋਂ "ਦੁੱਖ ਤੇ ਗੁੱਸੇ" 'ਚ "ਪਾਗਲਪਨ" ਦਾ ਆਪ ਮੁਹਾਰਾ ਪ੍ਰਗਟਾਅ ਹਰਗਿਜ਼ ਨਹੀਂ ਜਿਵੇਂ ਕਿ ਸਰਕਾਰ ਵਲੋਂ ਜਚਾਉਣ ਦੀ ਕੋਸ਼ਿਸ਼ ਕੀਤੀ ਗਈ। ਸਰਕਾਰੀ ਦਾਅਵਿਆਂ ਦੇ ਉਲਟ ਇਹ ਸਭ ਇਕ ਯੋਜਨਾਬੱਧ ਤਰੀਕੇ ਨਾਲ ਜਥੇਬੰਦ ਕੀਤਾ ਗਿਆ, ਜਿਸ ਵਿਚ ਕਾਂਗਰਸ (ਆਈ) ਦੇ ਅਹਿਮ ਸਿਆਸਤਾਨਾਂ ਅਤੇ ਪ੍ਰਬੰਧਕੀ ਅਧਿਕਾਰੀਆਂ ਦੇ ਹੁਕਮ ਤੇ ਜਾਣ-ਬੁਝ ਕੇ ਕੀਤੀਆਂ ਕੁਤਾਹੀਆਂ ਦੇ ਕਾਰਨਾਮੇ ਮੁੱਖ ਤੌਰ ਤੇ- ਸ਼ਾਮਿਲ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਮ ਲੋਕਾਂ ਵਿਚ ਸਦਮੇ, ਦੁਖ ਤੇ ਰੋਹ ਦੀ ਭਾਵਨਾ ਸੀ। ਪਰ ਸ੍ਰੀ ਮਤੀ ਗਾਂਧੀ ਦੇ ਕਤਲ ਤੋਂ ਪਿਛੋਂ ਇਕ ਦ੍ਰਿੜ ਤੇ ਜਥੇਬੰਦ ਗਰੁਪ ਵਲੋਂ ਭੜਕਾਈ ਹਿੰਸਾ ਪਿਛੋਂ ਤਾਂ ਕੁਝ ਹੋਰ ਹੀ ਭਾਵਨਾ ਕੰਮ ਕਰ ਰਹੀ ਸੀ।

ਪੜਤਾਲੀਆ ਕਮੇਟੀ ਨੇ ਆਪਣੇ ਮੈਂਬਰਾਂ ਦੇ ਨਿੱਜੀ ਤਜਰਬਿਆਂ ਤੋਂ ਇਲਾਵਾ ਅੱਡ ਅੱਡ ਤਰ੍ਹਾਂ ਦੇ ਲੋਕਾਂ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ। ਇਨ੍ਹਾਂ ਲੋਕਾਂ ਵਿਚੋਂ ਸਨ :

1. ਦੰਗਿਆਂ ਦੇ ਸ਼ਿਕਾਰ ਲੋਕ। 2. ਪੁਲਿਸ ਅਧਿਕਾਰੀ, ਜਿੰਨ੍ਹਾਂ ਤੋਂ ਦੰਗੇ ਰੋਕਣ ਦੀ ਉਮੀਦ ਕੀਤੀ ਜਾਂਦੀ ਸੀ। 3. ਗੁਆਂਢੀ ਜਿੰਨਾਂ ਨੇ ਦੰਗਾ-ਪੀੜਤਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। 4. ਫੌਜੀ ਅਤੇ 5. - ਸਿਆਸੀ ਆਗੂ। ਇਸ ਦੌਰਾਨ ਸਾਹਮਣੇ ਆਏ ਤੱਥਾਂ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਹਮਲਿਆਂ ਦਾ ਸਰੂਪ ਸਭਨੀਂ ਥਾਈਂ ਇਕੋ ਹੀ ਸੀ ਭਾਵੇਂ ਉਹ ਦੱਖਣ 'ਚ ਮੁਨੀਰਕਾ, ਪੱਛਮ ਵਿਚ ਮੰਗੋਲਪੁਰੀ ਜਾਂ ਪੂਰਬ ਵਿਚ ਤਰਲੋਕਪੁਰੀ ਵਿਚ ਹੋਏ।

ਵੱਖ ਵੱਖ ਥਾਵਾਂ ਤੇ ਦੂਰ ਦੁਰਾਡੇ ਇਲਾਕਿਆਂ ਵਿਚ ਇਕੋ ਤਰਤੀਬ ਨਾਲ ਵਾਪਰੀਆਂ ਘਟਨਾਵਾਂ ਇਸ ਗੱਲ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿਣ ਦਿੰਦੀਆਂ ਕਿ ਹਮਲਿਆਂ ਦੀ ਵਿਉਂਤਬੰਦੀ ਕਿਸੇ ਤਾਕਤਵਰ ਜਥੇਬੰਦਕ ਗਰੁਪ ਵਲੋਂ ਕੀਤੀ ਗਈ। ਇਕ ਸੀਨੀਅਰ ਫੌਜੀ ਅਫਸਰ ਜੋ ਦੰਗਿਆਂ ਦੌਰਾਨ ਦਿੱਲੀ ਵਿਚ ਤਾਇਨਾਤ ਸੀ ਨੇ ਕਿਹਾ, "ਇਹ ਲੁੱਟਮਾਰ ਕਿਸੇ ਮਾਹਿਰ ਦਾ ਕੰਮ ਹੈ।" ਅਖਬਾਰਾਂ ਦੀਆਂ ਰਿਪੋਰਟਾਂ ਇਹ ਦਰਸਾਉਂਦੀਆਂ ਹਨ ਕਿ ਘਟਨਾਵਾਂ ਦਾ ਸਰੂਪ ਕਾਂਗਰਸ(ਆਈ) ਦੀ ਹਕੂਮਤ ਵਾਲੇ ਸਾਰੇ ਰਾਜਾਂ ਵਿਚ ਬਿਲਕੁਲ ਇਕੋ ਹੀ ਸੀ।

ਹਮਲਾਵਰਾਂ ਵਲੋਂ ਨਿਸ਼ਾਨਾਂ ਬਣਾਏ ਲੋਕਾਂ ਦੀ ਚੋਣ ਦਾ ਪੈਟਰਨ ਵੀ ਬਿਲਕੁਲ ਨਿਸ਼ਚਿਤ ਸੀ। 1971 ਦੀ ਮਰਦਮਸ਼ੁਮਾਰੀ ਅਨੁਸਾਰ ਦਿੱਲੀ ਵਿਚ 20 ਤੋਂ 50 ਸਾਲ ਦੀ ਉਮਰ ਦੇ ਸਿਖ ਮਰਦਾਂ ਦੀ ਗਿਣਤੀ ਇਕ ਲੱਖ ਦੇ ਕਰੀਬ ਸੀ। ਇਹਨਾਂ ਦੰਗਿਆਂ ਵਿਚ ਮਰਨ ਵਾਲੇ ਸਿਖ ਤਕਰੀਬਨ ਏਸੇ ਉਮਰ ਦੇ ਹੀ ਸਨ 7 ਨਵੰਬਰ ਤੱਕ 325 ਮੌਤਾਂ (ਜਿਸ ਵਿਚ 46 ਹਿੰਦੂ) ਦਾ ਜੋ ਸਰਕਾਰੀ ਅਨੁਮਾਨ (ਹਿੰਦੁਸਤਾਨ ਟਾਈਮਜ਼ 11 ਨਵੰਬਰ) ਦਸਿਆ ਗਿਆ, ਉਹ ਲੁੱਟਮਾਰ ਦੀ ਵਿਸ਼ਾਲਤਾ ਅਤੇ ਇਕੱਲੀਆਂ ਮੁੜ ਵਸਾਈਆਂ ਬਸਤੀਆਂ ਵਿਚ ਜਿਉਂਦੇ ਸਾੜੇ ਅਤੇ ਮੌਕੇ ਤੇ ਹੀ ਮਾਰੇ ਲੋਕਾਂ ਦੀ ਗਿਣਤੀ ਨੂੰ ਵੇਖਦੇ ਹੋਏ, ਹਾਸੋ-ਹੀਣਾ ਜਾਪਦਾ ਹੈ ਮੌਕੇ ਦੇ ਗਵਾਹਾਂ, ਮਰਨ ਵਾਲਿਆਂ ਦੇ ਰਿਸ਼ਤੇਦਾਰਾਂ ਅਤੇ ਬਚ ਨਿਕਲੇ ਲੋਕਾਂ ਤੋਂ ਇਕੱਠੀ ਕੀਤੀ ਜਾਣਕਾਰੀ ਦੇ ਆਧਾਰ ਤੇ ਟੀਮ ਦਾ ਅੰਦਾਜ਼ਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਇਕ ਹਜ਼ਾਰ ਤੋਂ ਵੱਧ ਹੈ।

ਪੀੜਤ ਲੋਕਾਂ ਤੇ ਉਨ੍ਹਾਂ ਦੇ ਗੁਆਂਢੀਆਂ ਨਾਲ ਗਲਬਾਤ ਕਰਨ ਤੋਂ ਬਾਅਦ ਘਟਨਾਵਾਂ ਦੀ ਤਰਤੀਬ ਨੂੰ ਜੋੜਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਦਾ ਸਰੂਪ ਹਰ ਥਾਂ ਬਿਲਕੁਲ ਇਕੋ ਜਿਹਾ ਹੀ ਸੀ। **ਪਹਿਲੇ ਪੜਾਅ ਵਿਚ**, 31 ਅਕਤੂਬਰ ਦੀ ਸ਼ਾਮ ਨੂੰ ਸ੍ਰੀਮਤੀ ਗਾਂਧੀ ਦੀ ਮੌਤ ਤੋਂ ਬਾਅਦ ਵੱਡੀ ਪੱਧਰ ਤੇ ਅਫਵਾਹਾਂ ਫੈਲਾਈਆਂ ਗਈਆਂ। ਇਹ ਅਫਵਾਹਾਂ ਮੁਖ ਤੌਰ ਤੇ ਤਿੰਨ ਤਰ੍ਹਾਂ ਦੀਆਂ ਸਨ : ਪਹਿਲੇ ਕਿ ਸਿਖ ਮਿਠਾਈਆਂ ਵੰਡ ਕੇ ਤੇ ਦੀਪਮਾਲਾ ਕਰਕੇ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਦੀਆਂ ਖੁਸ਼ੀਆਂ ਮਨਾ ਰਹੇ ਸਨ। (ਜਦੋਂ ਬਾਅਦ ਵਿਚ ਪੁੱਛ-ਪੜਤਾਲ ਦੌਰਾਨ ਅਸੀਂ ਲੋਕਾਂ ਨੂੰ ਪੁਛਿਆ ਕਿ ਕੀ ਉਨ੍ਹਾਂ ਨੇ ਆਪਣੇ ਅੱਖੀਂ ਇਹ ਸਭ ਕੁਝ ਦੇਖਿਆ ਹੈ ਤਾਂ ਲਗਭਗ ਹਰੇਕ ਨੇ ਕਿਹਾ ਕਿ ਉਨ੍ਹਾਂ ਨੇ ਖੁਦ ਨਹੀਂ ਦੇਖਿਆ, ਸਿਰਫ ਕਿਸੇ ਤੋਂ ਸੁਣਿਆ ਹੈ)। ਫਿਰ ਵੀ ਸਾਨੂੰ ਕੁਝ ਕੁ ਅਜਿਹੇ ਲੋਕ ਜ਼ਰੂਰ ਮਿਲੇ ਹਨ ਜੋ ਸਿੱਖਾਂ ਉਪਰ ਹੋ ਰਹੇ ਹਮਲਿਆਂ ਤੋਂ ਤਾਂ ਬੇਹੱਦ ਔਖੇ ਸਨ ਪਰ ਉਨ੍ਹਾਂ ਮੰਨਿਆ ਕਿ ਉਨ੍ਹਾਂ ਨੇ ਕੁਝ ਥਾਵਾਂ ਤੇ ਕੁਝ ਸਿੱਖਾਂ ਨੂੰ ਸ੍ਰੀਮਤੀ ਗਾਂਧੀ ਦੀ ਮੌਤ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਤੱਕਿਆ। ਸਾਨੂੰ ਕੁਝ ਅਜਿਹੀਆਂ ਰਿਪੋਟਾਂ ਵੀ ਮਿਲੀਆਂ ਕਿ ਕੁਝ ਥਾਵਾਂ ਤੇ ਗੈਰ-ਸਿੱਖਾਂ ਨੇ ਵੀ ਇਸੇ ਕਿਸਮ ਦਾ ਦਿਖਾਵਾ ਕੀਤਾ। ਵੱਖ ਵੱਖ ਸੂਤਰਾਂ ਤੋਂ ਮਿਲੀ ਜਾਣਕਾਰੀ ਤੋਂ ਸਾਡਾ ਇਹ ਪ੍ਰਭਾਵ ਹੈ ਕਿ ਅਜਿਹੀਆਂ ਘਟਨਾਵਾਂ ਆਮ ਨਹੀਂ ਸਗੋਂ ਵਿਰਲੀਆਂ ਵਿਰਲੀਆਂ ਹੀ ਸਨ। ਦੂਜੀ ਅਫਵਾਹ ਸੀ ਕਿ ਪੰਜਾਬ ਤੋਂ ਸੈਂਕੜੇ ਹਿੰਦੂਆਂ ਦੀਆਂ ਲਾਸ਼ਾਂ ਨਾਲ ਭਰੀਆਂ ਗੱਡੀਆਂ ਪੁਰਾਣੀ ਦਿੱਲੀ ਦੇ ਸਟੇਸ਼ਨ ਤੇ ਪੁੱਜੀਆਂ ਹਨ। ਤੀਜੀ ਕਿ ਸਿੱਖਾਂ ਨੇ ਪਾਣੀ ਵਿਚ ਜ਼ਹਿਰ ਮਿਲਾ ਦਿੱਤੀ ਹੈ। ਦੂਜੀ ਅਤੇ ਤੀਜੀ ਅਫਵਾਹ ਬਾਰੇ ਇਸ ਗੱਲ ਦੇ ਸਬੂਤ ਮਿਲੇ ਹਨ ਕਿ ਪੁਲਸ ਵਾਲੇ ਸਰਕਾਰੀ ਗੱਡੀਆਂ ਵਿਚ ਬੈਠ ਕੇ ਲਾਊਡ ਸਪੀਕਰਾਂ ਰਾਹੀਂ, ਲਾਸ਼ਾਂ ਨਾਲ ਭਰੀਆਂ ਗੱਡੀਆਂ ਦੇ ਆਉਣ ਅਤੇ ਪਾਣੀ ਵਿਚ ਜ਼ਹਿਰ ਹੋਣ ਬਾਰੇ ਬਸਤੀਆਂ ਵਿਚ ਐਲਾਨ ਕਰ ਰਹੇ ਸਨ। ਇਹ ਵੀ ਪਤਾ ਲਗਾ ਹੈ ਕਿ ਪੁਲਸ ਅਧਿਕਾਰੀਆਂ ਨੇ ਕੁਝ ਇਲਾਕਿਆਂ ਦੇ ਲੋਕਾਂ ਨੂੰ ਟੈਲੀਫੋਨ ਕਰਕੇ ਪਾਣੀ ਨਾ ਪੀਣ ਲਈ ਕਿਹਾ। ਇਨ੍ਹਾਂ ਦੋਹਾਂ ਅਫਵਾਹਾਂ(ਜਿਨ੍ਹਾਂ ਦਾ ਬਾਅਦ ਵਿਚ ਸਰਕਾਰੀ ਤੌਰ ਤੇ ਖੰਡਨ ਕਰ ਦਿ ਤਾ ਗਿਆ) ਨੇ ਲੋਕਾਂ ਦਾ ਇਸ ਤਰ੍ਹਾਂ ਮਨ ਬਣਾਇਆ ਕਿ ਉਹ ਬਾਅਦ ਵਿਚ ਹੋਏ ਕਤਲਾਂ ਅਮੇ ਹਮਲਿਆਂ ਨਾਲ ਰਜ਼ਾਮੰਦ ਹੋ ਸਕਣ।

**ਦੂਜੇ ਪੜਾਅ** ਹਥਿਆਰਬੰਦ ਨੌਜਵਾਨਾਂ ਦੇ ਟਰੱਕਾਂ, ਟੈਂਪੂਆਂ, ਸਕੂਟਰਾਂ ਅਤੇ ਮੋਟਰ ਸਾਈਕਲਾਂ ਤੇ ਸਵਾਰ ਹੋ ਕੇ ਵੱਖ ਵੱਖ ਥਾਵਾਂ ਤੇ ਆਉਣ ਨਾਲ 31 ਅਕਤੂਬਰ ਦੀ ਰਾਤ ਤੇ 1 ਨਵੰਬਰ ਦੀ ਸਵੇਰ ਨੂੰ ਸ਼ੁਰੂ ਹੋਇਆ। ਇਹ ਦੱਖਣ ਅਤੇ ਦੱਖਣ-ਪੂਰਬ ਵਿਚ ਮੁਨੀਰਕਾ, ਸਕੇਤ, ਸਾਊਥ ਐਕਸਟੈਨਸ਼ਨ, ਲਾਜਪਤ ਨਗਰ ਭੋਗਲ, ਜੰਗਪੁਰਾ ਅਤੇ ਆਸ਼ਰਮ, ਮਧ ਵਿਚ ਕਨਾਟ ਪਲੇਸ ਦੀ ਮਾਰਕੀਟ ਅਤੇ ਬਾਅਦ ਵਿਚ ਜਮਨਾਂ ਪਾਰ ਤੇ ਹੋਰ ਮੁੜ ਵਸਾਈਆਂ ਬਸਤੀਆਂ ਵਿਚ ਪਹੁੰਚੇ। ਪੈਟਰੋਲ ਦੀਆਂ ਕੇਨੀਆਂ ਚੁੱਕੀ ਇਹ ਅੱਡ ਅੱਡ ਇਲਾਕਿਆਂ ਵਿਚ ਪਹੁੰਚੇ ਅਤੇ ਚੁਣ ਚੁਣ ਸਿੱਖਾਂ ਦੇ ਘਰਾਂ, ਦੁਕਾਨਾਂ ਤੇ ਗੁਰਦੁਆਰਿਆਂ ਨੂੰ ਅੱਗਾਂ ਲਾ ਦਿਤੀਆਂ ਮੌਕੇ ਦੇ ਗੁਆਹਾਂ ਨੇ ਪੜਤਾਲੀਆ ਕਮੇਟੀ ਨੂੰ ਦੱਸਿਆ ਕਿ ਹਰ ਥਾਂ ਲੋਕਲ ਕਾਂਗਰਸ(ਆਈ) ਦੇ ਵਰਕਰਾਂ ਨੇ ਸਿੱਖਾਂ ਦੀਆਂ ਦੁਕਾਨਾਂ ਅਤੇ ਘਰਾਂ ਦੀ ਸ਼ਨਾਖਤ ਕੀਤੀ ਅਤੇ ਜਾਣੇ ਪਛਾਣੇ ਕਾਂਗਰਸੀ ਆਗੂਆਂ ਅਤੇ ਕਾਰਕੁਨਾਂ(ਜਿਨ੍ਹਾਂ ਦੇ ਨਾਂ ਅੰਤਿਕਾ-1 ਵਿਚ ਦਰਜ ਹਨ) ਨੇ ਲੁੱਟਮਾਰ ਕਰਨ ਵਾਲਿਆਂ ਨੂੰ ਹਦਾਇਤਾਂ ਦਿਤੀਆਂ ਤੇ ਉਨ੍ਹਾਂ ਦੀ ਅਗਵਾਈ ਕੀਤੀ। ਇਕ ਸੀਨੀਅਰ ਪੁਲਸ ਅਫਸਰ (ਜੋ ਸਪੱਸ਼ਟ ਕਾਰਨਾਂ ਕਰਕੇ ਆਪਣਾ ਨਾਮ ਗੁਪਤ ਰਖਣਾ ਚਾਹੁੰਦਾ ਹੈ) ਅਨੁਸਾਰ, "ਦੁਕਾਨਾਂ ਦੇ ਬੋਰਡ ਹਿੰਦੀ ਅਤੇ ਅੰਗਰੇਜ਼ੀ ਵਿਚ ਲਿਖੇ ਹੋਏ ਸਨ। ਲੁਟ-ਮਾਰ ਕਰਨ ਵਾਲੇ ਅਨਪੜ੍ਹਾਂ ਤੋਂ ਇਹ ਪਛਾਨਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ ਕਿ ਕੋਈ ਦੁਕਾਨ ਹਿੰਦੂ ਦੀ ਹੈ ਜਾਂ ਸਿਖ ਦੀ, ਜਦ ਤੱਕ ਉਨ੍ਹਾਂ ਨੂੰ ਕਿਸੇ ਪੜ੍ਹੇ-ਲਿਖੇ ਜਾਂ ਲੋਕਲ ਆਦਮੀ ਨੇ ਪਛਾਣ ਨਾ ਕਰਵਾਈ ਹੋਵੇ ?" ਤਰਲੋਕਪੁਰੀ, ਮੰਗੋਲਪੁਰੀ ਅਤੇ ਜਮਨਾ ਪਾਰ ਬਸਤੀਆਂ ਵਰਗੇ ਇਲਾਕਿਆਂ ਵਿਚ ਹਮਲਾਵਰ ਤੇ ਲੁਟੇਰੇ ਗੁਆਂਢੀ ਪਿੰਡਾਂ ਦੇ ਗੁੱਜਰ ਤੇ ਜਾਟ ਸਨ ਉਨ੍ਹਾਂ ਨਾਲ ਕੁਝ ਲੋਕਲ ਵਸਨੀਕ ਜਿਨ੍ਹਾਂ ਵਿਚ ਕਾਂਗਰਸ(ਆਈ) ਦੇ ਸਰਗਰਮ ਕਾਰਕੁਨ ਵੀ ਸ਼ਾਮਲ ਸਨ, ਰਲ ਗਏ। ਇਨ੍ਹਾਂ ਇਲਾਕਿਆਂ ਵਿਚ ਕਾਂਗਰਸ(ਆਈ) ਦੇ ਸਮਰਥਕ ਭੰਗੀਆਂ(ਹਰੀਜਨਾਂ) ਨੇ ਲੁੱਟ-ਮਾਰ ਵਿਚ ਹਿੱਸਾ ਲਿਆ। ਦੱਖਣੀ ਦਿੱਲੀ ਵਿਚ ਗੁੰਡਿਆਂ ਨੇ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ (ਡੀ.ਟੀ.ਸੀ.) ਦੀਆਂ ਬੱਸਾਂ ਨੂੰ ਆਪਣੀ ਖੂਨੀ ਯਾਤਰਾ ਵਿਚ ਥਾਂ ਥਾਂ ਵਰਤਿਆ। ਆਖਿਰ ਅਪਰਾਧੀਆਂ ਨੂੰ ਡੀ. ਟੀ. ਸੀ. ਨੇ ਬੱਸਾਂ ਵਰਤਨ ਦੀ ਆਗਿਆ ਕਿਵੇਂ ਦਿੱਤੀ ?

ਮੁੜ ਵਸਾਈਆਂ ਬਸਤੀਆਂ (ਜਿਵੇਂ ਜਮਨਾ ਪਾਰ ਤਰਲੋਕਪੁਰੀ ਅਤੇ ਪੱਛਮ ਵਿਚ ਮੰਗੋਲਪੁਰੀ ਜਿਥੇ ਸਭ ਤੋਂ ਵੱਧ ਕਤਲ ਹੋਏ) ਵਿਚ ਵੀ ਹਮਲਿਆਂ ਦਾ ਸਰੂਪ ਇਹੋ ਹੀ ਸੀ। ਮੁੱਖ ਨਿਸ਼ਾਨਾ ਨੌਜਆਨ ਸਿਖ ਸਨ। ਉਨ੍ਹਾਂ ਨੂੰ ਧੂਅ ਕੇ ਬਾਹਰ ਕੱਢਦੇ, ਕੁੱਟਦੇ ਮਾਰਦੇ ਅਤੇ ਜਿਉਂਦੇ ਹੀ ਸਾੜ ਦਿੰਦੇ। ਬਿਰਧ ਮਰਦਾਂ ਔਰਤਾਂ ਤੇ ਬੱਚਿਆਂ ਨੂੰ ਆਮ ਤੌਰ ਤੇ ਬਚਕੇ ਨਿਕਲ ਜਾਣ ਦਿੰਦੇ। ਸਮਾਨ ਲੁੱਟ ਕੇ ਘਰਾਂ ਨੂੰ ਅੱਗ ਲਾ ਦਿੰਦੇ। ਇਥੋਂ ਤੱਕ ਕਿ ਮਕਾਨਾਂ ਦੀ ਮਾਲਕੀ ਦੇ ਦਸਤਾਵੇਜ਼ ਵੀ ਸਾੜ ਦਿੰਦੇ। ਸਾਨੂੰ ਬਚ ਗਏ ਪੀੜਤਾਂ ਨੇ ਦੱਸਿਆ ਕਿ ਮੰਗੋਲਪੁਰੀ ਦੇ ਕੁਝ ਹਿਸਿਆਂ ਵਿਚ ਬੱਚਿਆਂ ਤੱਕ ਨੂੰ ਵੀ ਬਖਸ਼ਿਆ ਨਹੀਂ ਗਿਆ। ਔਰਤਾਂ ਨਾਲ ਸਮੂਹਕ ਬਲਾਤਕਾਰ ਦੀਆਂ ਰਿਪੋਰਟਾਂ ਵੀ ਮਿਲੀਆਂ ਹਨ। ਤਬਾਹੀ ਦੇ ਭਿਅੰਕਰ ਤੂਫਾਨ ਵਿਚ ਕਈ ਤਰ੍ਹਾਂ ਦੀ ਜਾਇਦਾਦ-ਦੁਕਾਨਾਂ, ਫੈਕਟਰੀਆਂ, ਘਰ, ਗੁਰਦੁਆਰੇ ਤੇ ਸਿੱਖਾਂ ਦੇ ਸਕੂਲ ਤੱਕ ਨਸ਼ਟ ਕਰ ਦਿਤੇ ਗਏ। ਸਾਰੇ ਪ੍ਰਭਾਵਿਤ ਇਲਾਕਿਆਂ ਵਿਚ ਲੋਕਾਂ ਵਿਚ ਦਹਿਸ਼ਤ ਫੈਲਾਉਣ ਦੀ ਗਿਣੀ ਮਿਥੀ ਨੀਤੀ ਸੀ। ਇਸ ਦਾ ਸਬੂਤ ਹਮਲਾਵਰਾਂ ਵਲੋਂ ਸਿੱਖਾਂ ਨੂੰ ਸ਼ਰੇਆਮ ਸੜਕਾਂ ਉਤੇ ਜਿਉਂਦੇ ਸਾੜਨ ਤੋਂ ਮਿਲਦਾ ਹੈ। ਇਸ ਗੱਲ ਦੇ ਬਾਵਜੂਦ ਕਿ ਸੜੇ ਹੋਏ ਬੰਦਿਆਂ ਅਤੇ ਅਸਥੀਆਂ ਨੂੰ ਸਾਫ ਕਰ ਦਿਤਾ ਗਿਆ ਸੀ, ਫਿਰ ਵੀ ਘਟਨਾਵਾਂ ਤੋਂ ਪੰਜ ਦਿਨ ਬਾਅਦ ਤਕ ਵੀ, ਕਾਂਗਰਸ(ਆਈ) ਦੇ ਦਫਤਰ ਸਾਹਮਣੇ ਸੜਕ ਦੇ ਕਿਨਾਰਿਆਂ ਤੇ ਸਾੜਨ ਦੇ ਦਾਗ ਸਾਫ ਦਿਸਦੇ ਸਨ। ਜਦ 6 ਨਵੰਬਰ ਨੂੰ ਸਾਡੀ ਟੀਮ ਮੰਗੋਲਪੁਰੀ ਬਕਾਇਦਾ ਤੌਰ ਤੇ ਗਈ ਤਾਂ ਲੋਕਲ ਬੰਦਿਆਂ ਨੇ ਦੱਸਿਆ ਕਿ ਉਥੇ ਚਾਰ ਸਿਖ ਜਿਉਂਦੇ ਸਾੜੇ ਗਏ ਸਨ।

(ਚਲਦਾ)

# ਲੇਖਕਾਂ ਦੀ ਬੋਲਣ ਅਤੇ ਲਿਖਣ ਦੀ ਆਜ਼ਾਦੀ ਉਤੇ ਫਾਸ਼ੀ ਹਮਲਾ

# ਉਜੱਲ ਦੁਸਾਂਝ ਉਤੇ ਹਮਲੇ ਦੀ ਨਿਖੇਧੀ

8 ਫਰਵਰੀ 1985 ਦੀ ਸ਼ਾਮ ਨੂੰ ਵੈਨਕੂਵਰ ਵਿਚ ਇੰਡੋ ਕਨੇਡੀਅਨ ਕਮਿਊਨਿਟੀ ਦੇ ਪ੍ਰਸਿੱਧ ਵਕੀਲ ਅਤੇ ਲੇਖਕ ਉਜੱਲ ਦੁਸਾਂਝ ਉਤੇ ਕਾਤਲਾਨਾ ਹਮਲਾ ਕੀਤਾ ਗਿਆ। ਹਮਲੇ ਦਾ ਕਾਰਨ ਉਨ੍ਹਾਂ ਵਲੋਂ ਪਿਛੇ ਜਿਹੇ 'ਕੈਨੇਡਾ ਦਰਪਣ' ਵਿਚ ਇੰਡੋ ਕਨੇਡੀਅਨ ਕਮਿਊਨਿਟੀ ਦੇ ਸੰਕਟ ਬਾਰੇ ਛਪੇ ਲੇਖ ਦੱਸਿਆ ਗਿਆ ਹੈ। ਇਸ ਲਈ ਇਹ ਹਮਲਾ ਲੇਖਕਾਂ ਦੀ ਲਿਖਣ ਅਤੇ ਬੋਲਣ ਦੀ ਸੁਤੰਤਰਤਾ ਉਤੇ ਸਿਧਾ ਹਮਲਾ ਹੈ।

ਸਾਡੀ ਕਮਿਊਨਿਟੀ ਵਿਚ ਲੇਖਕਾਂ ਦੀ ਆਜ਼ਾਦੀ ਉਤੇ ਇਹ ਦੂਸਰਾ ਹਮਲਾ ਹੈ। ਅਕਤੂਬਰ 1984 ਵਿਚ ਪੰਜਾਬੀ ਦੇ ਸ਼ਾਇਰ ਗੁਰਚਰਨ ਰਾਮਪੁਰੀ ਉਤੇ ਵੀ ਇਸੇ ਤਰ੍ਹਾਂ ਤਿੰਨ ਅਤਿਵਾਦੀਆਂ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ ਸੀ।

ਸੁਤੰਤਰਤਾ ਨਾਲ ਬੋਲਣ ਅਤੇ ਲਿਖਣ ਦਾ ਹੱਕ ਮਨੁੱਖ ਦਾ ਜਮਾਂਦਰੂ ਅਧਿਕਾਰ ਹੈ। ਲੇਖਕਾਂ ਲਈ ਇਹ ਸੁਤੰਤਰਤਾ ਹੋਰ ਵੀ ਜ਼ਰੂਰੀ ਹੈ ਕਿਉਂਕਿ ਜਦੋਂ ਕਿਸੇ ਕੌਮ ਜਾਂ ਸਮਾਜ ਦਾ ਪੱਤਣ ਆਉਂਦਾ ਹੈ ਤਾਂ ਲੇਖਕ ਇਸ ਵਿਰੁੱਧ ਆਵਾਜ਼ ਬੁਲੰਦ ਕਰਦੇ ਹਨ। ਇਸ ਸਮੇਂ ਸਮਾਜ ਵਿਚੋਂ ਸਵਾਰਥੀ ਅਤੇ ਫਾਸ਼ੀ ਅਨਸਰ ਸਿਰ ਚੁਕਦੇ ਹਨ ਜਿਨ੍ਹਾਂ ਦਾ ਪਹਿਲਾ ਨਿਸ਼ਾਨਾ ਬੁਧੀਜੀਵੀ ਅਤੇ ਲੇਖਕ ਬਣਦੇ ਹਨ। ਇਹ ਸਵਾਰਥ ਅਤੇ ਪਸ਼ੂਪੁਣੇ ਵਿਚ ਅੰਨ੍ਹੇ ਹੋਏ ਲੋਕ ਲੇਖਕਾਂ ਦੀ ਸੁਤੰਤਰਤਾ ਦਾ ਗਲ ਘੁੱਟ ਕੇ ਸਮੁੱਚੇ ਸਭਿਆਚਾਰ ਦੀ ਸੰਘੀ ਨੂੰ ਹੱਥ ਪਾਉਣਾ ਚਾਹੁੰਦੇ ਹਨ।

ਪੰਜਾਬੀ ਲੇਖਕ ਮੰਚ ਉਜੱਲ ਦੁਸਾਂਝ ਉਤੇ ਕੀਤੇ ਗਏ ਹਮਲੇ ਦੀ ਪੁਰਜ਼ੋਰ ਨਿਖੇਧੀ ਕਰਦਾ ਹੈ ਅਤੇ ਸਰਕਾਰ ਤੋਂ ਮੰਗ ਕਰਦਾ ਹੈ ਕਿ ਹਮਲਾਂ ਕਰਨ ਵਾਲਿਆਂ ਵਿਰੁੱਧ ਫੌਰਨ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਇਸ ਬੁਜ਼ਦਿਲਾਨਾ ਹਮਲੇ ਨੇ ਸਾਡੀ ਕਮਿਊਨਿਟੀ ਦਾ ਸਿਰ ਇਕ ਵਾਰ ਫੇਰ ਕੈਨੇਡਾ ਦੇ ਸਾਰੇ ਲੋਕਾਂ ਵਿਚ ਨੀਵਾਂ ਕਰ ਦਿਤਾ ਹੈ। ਇਹ ਹਮਲਾ ਸਾਡੀਆਂ ਸਮਾਜਿਕ ਅਤੇ ਧਾਰਮਿਕ ਰਵਾਇਤਾਂ ਦੇ ਹਰ ਤਰ੍ਹਾਂ ਉਲਟ ਹੈ। ਇਸ ਲਈ ਲੇਖਕ ਮੰਚ ਸਾਡੀ ਕਮਿਊਨਿਟੀ ਦੀਆਂ ਸਾਰੀਆਂ ਸਿਆਸੀ, ਸਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਤੋਂ ਮੰਗ ਕਰਦਾ ਹੈ ਕਿ ਕਮਿਊਨਿਟੀ ਦੀ ਏਕਤਾ ਅਤੇ ਭਲਾਈ ਦੀ ਖਾਤਰ ਇਸ ਹਮਲੇ ਦੀ ਸਖਤ ਸ਼ਬਦਾਂ ਵਿਚ ਪਬਲਿਕ ਤੌਰ ਉਤੇ ਨਿਖੇਧੀ ਕਰਨ।

**ਪੰਜਾਬੀ ਲੇਖਕ ਮੰਚ ਵੈਨਕੂਵਰ**

# ਸਪੈ ਦੁਧੁ ਪੀਆਈਐ

**ਅਜਮੇਰ ਰੋਡੇ**

ਨਸਲਵਾਦ ਇਕ ਜ਼ਹਿਰੀ ਸੱਪ ਹੈ ਜੋ ਕਦੇ ਖੜੱਪੇ ਵਾਂਗ ਡੰਗ ਮਾਰਦਾ ਹੈ ਕਦੇ ਦਮੂਹੀ ਵਾਂਗ ਮੂੰਹ ਲਾ ਕੇ ਸਮਾਜ ਦੀਆਂ ਨਾੜਾਂ ਵਿਚ ਧੀਮਾ ਧੀਮਾ ਜ਼ਹਿਰ ਛੱਡ ਦਿੰਦਾ ਹੈ। ਇਸ ਡੰਗ ਅਤੇ ਜ਼ਹਿਰ ਦੇ ਸ਼ਿਕਾਰ ਸਭ ਤੋਂ ਵੱਧ ਅਸੀਂ ਇੰਡੋਕਨੇਡੀਅਨ ਲੋਕ ਹੋ ਰਹੇ ਹਾਂ। ਇਸ ਸੱਪ ਨੂੰ ਦੁਧ ਪਿਆਉਣ ਵਾਲੇ ਮੁਖ ਤੌਰ ਉਤੇ ਗੋਰੇ ਨਸਲਵਾਦੀ ਹਨ, ਤੇ ਉਨ੍ਹਾਂ ਦੇ ਭਾਈਵਾਲ ਹਨ ਸਾਡੀ ਆਪਣੀ ਕਮਿਊਨਿਟੀ ਵਿਚੋਂ ਉਹ ਲੋਕ ਜੋ ਕਮਿਊਨਿਟੀ ਵਿਚ ਧਰਮ ਦੇ ਨਾਂ ਉਤੇ ਹਿੰਦੂ, ਸਿਖ, ਮੁਸਲਮਾਨ ਵਿਚ ਪਾੜਾ ਪਾਉਂਦੇ ਹਨ। ਕਿਉਂਕਿ ਇਹ ਪਾੜਾ ਨਸਲਵਾਦੀ ਸੱਪ ਦੀ ਜ਼ਹਿਰ ਹੋਰ ਤਿੱਖੀ ਕਰਦਾ ਹੈ।

"ਸਪੈ ਦੁਧੁ ਪੀਆਈਐ
ਵਿਸ ਮੁਖ ਤੇ ਸਟੈ"
— ਗੁਰੂ ਅਮਰਦਾਸ

ਸਾਡੇ ਅਤੇ ਸਾਡੇ ਬੱਚਿਆਂ ਦੇ ਮੁਖਾਂ ਤੇ ਇਹ ਸੱਪ ਬਾਰ ਬਾਰ ਵਿਸ ਸੁਟਦਾ ਹੈ।

ਇਸ ਦੀ ਇਕ ਮਿਸਾਲ ਚਰਨਪਾਲ ਗਿੱਲ ਵਲੋਂ ਵਿਖਾਏ ਗਏ(ਕੈਨੇਡਾ ਦਰਪਣ, 5 ਫਰਵਰੀ) ਇਕ ਇਸ਼ਤਿਹਾਰ ਵਿਚ ਵੇਖੀ ਜਾ ਸਕਦੀ ਹੈ ਜੋ ਗੋਰੇ ਨਸਲਵਾਦੀਆਂ ਵਲੋਂ ਵੈਨਕੂਵਰ ਦੀਆਂ ਕੁਝ ਮਿਲਾਂ ਵਿਚ ਵੰਡਿਆ ਗਿਆ ਹੈ ਇਹ ਇਸ਼ਤਿਹਾਰ ਸਾਨੂੰ ਖੜੱਪੇ ਸੱਪ ਵਾਂਗ ਡੰਗਦਾ ਹੈ। ਇਸ ਵਿਚ ਸਾਨੂੰ ਇੰਡੋ ਕਨੇਡੀਅਨ ਲੋਕਾਂ ਨੂੰ ਸ਼ਿਕਾਰ ਕਰਨ ਲਈ ਵਧੀਆ ਜਾਨਵਰ ਦੱਸਿਆ ਗਿਆ ਹੈ, ਜਿਨ੍ਹਾਂ ਦਾ ਸ਼ਿਕਾਰ, ਵੈਲਫੇਅਰ ਦਫਤਰ, ਇਮੀਗਰੇਸ਼ਨ ਦਫਤਰ, ਸਟਰਾਅ ਬੇਰੀ ਫਾਰਮ, ਜ਼ੈਲਰ, ਕੇ ਮਾਰਟ, ਲਿਕਰ ਸਟੋਰ, ਸ਼ਾਪਰ ਡਰੱਗ ਮਾਰਟ, ਅਤੇ ਗੁਰਦੁਆਰਿਆਂ ਵਿਚ ਕੀਤਾ ਜਾ ਸਕਦਾ ਹੈ। ਇਹ ਇਸ਼ਤਿਹਾਰ ਪੜ੍ਹ ਕੇ ਸ਼ਰਮਿੰਦਗੀ ਅਤੇ ਗਿਲਾਨੀ ਨਾਲ ਸਿਰ ਨੀਵਾਂ ਹੁੰਦਾ ਹੈ ਅਤੇ ਕਦੇ ਗੁੱਸੇ ਨਾਲ ਇਹ ਫਟਣ ਲੱਗ ਜਾਂਦਾ ਹੈ।

ਪਰ ਇਸ ਤੋਂ ਵੀ ਵੱਧ ਖਤਰਨਾਕ ਕਿਸਮ ਦਾ ਨਸਲਵਾਦ, ਹੁਣੇ ਹੁਣੇ ਕੀਤੀ ਗਈ ਇਕ ਸੰਜੀਦਾ study ਦੀ ਰੀਪੋਰਟ ਵਿਚ ਪ੍ਰਗਟ ਕੀਤਾ ਗਿਆ ਹੈ। ਇਹ study Urban Alliance on race relations and the Social Planning Council ਵਲੋਂ ਟਰਾਂਟੋ ਵਿਚ ਕੀਤੀ ਗਈ ਹੈ। ਇਸ ਰੀਪੋਰਟ ਵਿਚ ਉਘਾੜਿਆ ਗਿਆ ਨਸਲਵਾਦ ਦਮੂਹੀ ਸਪਣੀ ਦੇ ਜ਼ਹਿਰ ਵਾਂਗ ਹੈ ਜੋ ਹੌਲੀ ਹੌਲੀ ਸਾਡੇ ਸਮਾਜ ਦੀਆਂ ਨਾੜਾਂ ਵਿਚ ਮਾਰੂ ਅਸਰ ਕਰ ਰਿਹਾ ਹੈ।

ਰੀਪੋਰਟ ਵਿਚ ਦਰਸਾਇਆ ਗਿਆ ਹੈ ਕਿ ਹੋਰਨਾਂ ਸਨਅਤੀ ਦੇਸ਼ਾਂ ਵਾਂਗ ਕੈਨੇਡਾ ਵੀ ਨਸਲਵਾਦ ਅਤੇ ਨਸਲੀ ਵਿਤਕਰੇ ਵਿਚ ਪੂਰੀ ਤਰ੍ਹਾਂ ਗ੍ਰਸਤ ਹੈ।

ਸਾਡੇ ਲਈ ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਘੱਟ ਗਿਣਤੀਆਂ ਵਿਚੋਂ, ਕੰਮ ਲੱਭਣ ਵਿਚ, ਸਭ ਤੋਂ ਵੱਧ ਵਿਤਕਰਾ ਇੰਡੋ ਕਨੇਡੀਅਨ ਲੋਕਾਂ ਨਾਲ ਕੀਤਾ ਜਾ ਰਿਹਾ ਹੈ। ਪ੍ਰੋਫੈਸਰ ਮਿਨਜ਼ਬਰਗ (ਰੀਪੋਰਟ ਦੀ ਸਹਿਲੇਖਕਾ) ਅਨੁਸਾਰ 237 ਜੌਬਾਂ ਲਈ ਫੋਨ ਉਤੇ ਐਪਲਾਈ ਕੀਤਾ ਗਿਆ। ਹਰ ਇਕ ਜੌਬ ਲਈ ਚਾਰ ਫੋਨ ਕਰਵਾਏ ਗਏ :

ਪਹਿਲਾ ਇਕ ਕਨੇਡੀਅਨ ਗੋਰੇ ਵਲੋਂ
ਦੂਜਾ ਇਮੀਗਰੇਂਟ ਗੋਰੇ ਵਲੋਂ
ਤੀਜਾ ਬਲੈਕ ਵੈਸਟ ਇੰਡੀਅਨ ਵਲੋਂ
ਚੌਥਾ ਇੰਡੋ ਪਾਕਿਸਤਾਨੀ ਵਲੋਂ

ਗੋਰੇ ਕਨੇਡੀਅਨ ਫੋਨ ਕਰਨ ਵਾਲਿਆਂ ਵਿਚੋਂ 13 ਪ੍ਰਤੀਸ਼ਤ ਨੂੰ ਸਿਧਾ ਜਵਾਬ ਦੇ ਦਿੱਤਾ ਗਿਆ। ਗੋਰੇ ਇਮੀਗਰੇਂਟ ਫੋਨ ਕਰਨ ਵਾਲਿਆਂ ਵਿਚੋਂ 31 ਪ੍ਰਤੀਸ਼ਤ ਨੂੰ ਸਿੱਧਾ ਜਵਾਬ ਦੇ ਦਿਤਾ ਗਿਆ। ਬਲੈਕ ਲੋਕਾਂ ਵਿਚੋਂ 36 ਪ੍ਰਤੀਸ਼ਤ ਨੂੰ ਅਤੇ ਇੰਡੋ-ਪਾਕਿਸਤਾਨੀ ਫੋਨ ਕਰਨ ਵਾਲਿਆਂ ਵਿਚੋਂ 44 ਪ੍ਰਤੀਸ਼ਤ ਨੂੰ ਸਿੱਧਾ ਜਵਾਬ ਦਿਤਾ ਗਿਆ।

ਇਸ ਤੋਂ ਪਤਾ ਲਗਦਾ ਹੈ ਕਿ ਇੰਡੋ ਕਨੇਡੀਅਨ ਲੋਕਾਂ ਵਿਰੁੱਧ ਅੰਦਰੋ ਅੰਦਰ ਪਲ ਰਹੀ ਨਫਰਤ ਦਾ ਜਜ਼ਬਾ, ਬਾਕੀ ਘੱਟ ਗਿਣਤੀਆਂ ਦੇ ਮੁਕਾਬਲੇ ਸਭ ਤੋਂ ਵਧ ਹੈ। ਅਤੇ ਇਸ ਦਾ ਅਸਰ ਉਤਨਾ ਸਾਡੇ ਉਤੇ ਨਹੀਂ ਜਿਨਾ ਸਾਡੇ ਬੱਚਿਆਂ ਉਤੇ ਹੋਣਾ ਹੈ ਤੇ ਹੋ ਰਿਹਾ ਹੈ।

ਉਹ ਕਨੇਡੀਅਨ ਜੋ ਅੱਜ ਚੰਗੀਆਂ ਜੌਬਾਂ ਉਤੇ ਹਨ ਤੇ ਕਹਿੰਦੇ ਹਨ ਨਸਲਵਾਦ ਕਿਥੇ ਹੈ? ; ਉਹ ਦੋਸਤ ਜੋ ਕਹਿੰਦੇ ਹਨ ਕਿ ਨਸਲਵਾਦ ਕੇਵਲ ਕੁਝ ਸਿਰ ਫਿਰੇ ਅਗੇ ਵਧੂਆਂ ਦੀ ਹੀ ਕਲਪਨਾ ਹੈ, ਉਹ ਸਵਾਰਥੀ ਲੋਕ ਅਤੇ ਸਰਕਾਰੀ ਅਫਸਰ ਜੋ ਸਾਡੀ ਕਮਿਊਨਿਟੀ ਨੂੰ ਧਰਮਾਂ ਦੇ ਆਧਾਰ ਤੇ ਲੀਰੋ ਲੀਰ ਰੱਖਣਾ ਚਾਹੁੰਦੇ ਹਨ ; ਉਹ ਆਪਣੇ ਬੱਚਿਆਂ ਨਾਲ ਸਾਡੇ ਬੱਚਿਆਂ ਨਾਲ ਅਤੇ ਸਮੁੱਚੀ ਕਮਿਊਨਿਟੀ ਨਾਲ ਧੋਖਾ ਕਰ ਰਹੇ ਹਨ। ਉਹ ਇਸ ਰੀਪੋਰਟ(ਜਿਸਦਾ ਸਾਰ ਅੰਸ਼ ਹਫਤਾ ਕੁ ਪਹਿਲਾਂ "ਗਲੋਬ ਐਂਡ ਮੇਲ" ਵਿਚ ਛਪਿਆ ਹੈ) ਦੇ ਨਤੀਜਿਆਂ ਨੂੰ ਈਮਾਨਦਾਰੀ ਨਾਲ ਅਤੇ ਨਿਰਮਲ ਮਨ ਨਾਲ ਘੋਖਣ।

ਪੰਜਾਬ ਅਤੇ ਭਾਰਤ ਵਿਚ ਸਾਡੀਆਂ ਸਮੱਸਿਆਵਾਂ ਦੇ ਬਾਵਜੂਦ ਅਸੀਂ ਐਥੇ ਆਪਣੀ ਕਮਿਊਨਿਟੀ ਵਿਚ ਏਕਤਾ ਰਖ ਸਕਦੇ ਹਾਂ। ਸਾਡਾ ਭਵਿਸ਼ ਇਸ ਦੇਸ਼ ਦੀਆਂ ਹਾਲਤਾਂ ਅਤੇ ਸਾਡੀ ਕਮਿਊਨਿਟੀ ਦੇ ਸਮੁੱਚੇ ਪ੍ਰਭਾਵ ਨੇ ਬਨਾਉਣਾ ਜਾਂ ਬਰਬਾਦ ਕਰਨਾ ਹੈ। ਜੇ ਸਾਡੀ ਕਮਿਊਨਿਟੀ ਵਿਚੋਂ ਸਿਆਣਪ, ਇੰਟੈਲੀਜੈਂਸ ਅਤੇ ਸਵੈਮਾਣ ਦੀ ਝਲਕ ਪਵੇਗੀ ਤਾਂ ਨਸਲਵਾਦ ਆਪਣੇ ਆਪ ਘਟ ਜਾਵੇਗਾ ਤੇ ਹੌਲੀ ਹੌਲੀ ਸ਼ਾਇਦ ਅਲੋਪ ਹੋ ਜਾਵੇਗਾ। ਇਹ ਸਭ ਕੁਝ ਮਿਲਵਰਤਣ ਅਤੇ ਭਰਾਤਰੀ ਭਾਵ ਕਾਇਮ ਰੱਖਣ ਨਾਲ ਹੀ ਹੋ ਸਕਦਾ ਹੈ।

"ਮਿਲਬੇ ਕੀ ਮਹਿਮਾ ਬਰਨ ਨ ਸਾਕਉ"
—ਗੁਰੂ ਅਰਜਨ ਦੇਵ ਜੀ।

ਸਮਾਜਵਾਦ ਇਹੋ ਤਾਂ ਚਾਹੁੰਦਾ ਹੈ ਕਿ ਮਨੁੱਖ ਮਾਤਰ ਨੂੰ ਬਰਾਬਰੀ ਨਾਲ ਸਿਖਸ਼ਤ ਹੋਣ ਅਤੇ ਕੰਮ ਕਰਨ ਦਾ ਮੌਕਾ ਦਿਤਾ ਜਾਏ। ਸਾਰੇ ਕੰਮ ਬਰਾਬਰ ਸਮਝੇ ਜਾਣ, ਤਾਂ ਹੀ ਬਰਾਬਰੀ ਦੇ ਤੌਰ ਤੇ ਪਿਆਰ ਅਤੇ ਅਮਨ ਨਾਲ ਰਹਿ ਕੇ ਜ਼ਿੰਦਗੀ ਗੁਜ਼ਾਰੀਏ। ਇਸ ਤੋਂ ਉੱਚਾ ਅਤੇ ਪਵਿੱਤਰ ਮਨੁੱਖੀ ਸਭਿਆਚਾਰ ਦਾ ਉਦੇਸ਼ ਹੋਰ ਕੀ ਹੋ ਸਕਦਾ ਹੈ ? ਇਸ ਦੇ ਸਿਧਾਂਤ ਦੇ ਉਲਟ ਚਲਣ ਦਾ ਹੀ ਨਤੀਜਾ ਹੈ ਕਿ ਅੱਜ ਅਸੀਂ ਜਿਸ ਪਾਸੇ ਅੱਖ ਚੁੱਕਦੇ ਹਾਂ ਸੰਘਰਸ਼ ਹੀ ਦਿਖਾਈ ਦਿੰਦਾ ਹੈ, ਇਸੇ ਦਾ ਨਤੀਜਾ ਹੈ ਕਿ ਸਮਾਜ ਦੋ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ। ਇਸੇ ਸਮਾਜਕ ਵਿਧਾਨ ਨੂੰ ਕਾਇਮ ਰਖਣ ਲਈ ਅਦਾਲਤਾਂ ਪੁਲਿਸ, ਫ਼ੌਜਾਂ ਅਤੇ ਚਕਲੇ ਬਣੇ ਹੋਏ ਹਨ। — ਮੁਨਸ਼ੀ ਪ੍ਰੇਮ ਚੰਦ

# ਰਾਜ ਸਭਾ ਵਲੋਂ ਵੀ ਦਲ ਬਦਲੀ ਰੋਕੂ ਬਿਲ ਪਾਸ

**ਨਵੀਂ ਦਿੱਲੀ:** ਦਲਬਦਲੀ ਵਿਰੋਧੀ ਬਿਲ ਅਜ ਰਾਜ ਸਭਾ ਵਲੋਂ ਵੀ ਪਾਸ ਕਰ ਦਿਤਾ ਗਿਆ। ਕਲ੍ਹ ਇਹ ਬਿੱਲ ਲੋਕ ਸਭਾ ਵਲੋਂ ਪਾਸ ਕੀਤਾ ਗਿਆ ਸੀ।

ਰਾਜ ਸਭਾ ਵਿਚ ਬਿਲ ਪੇਸ਼ ਕਰਦਿਆ ਕਾਨੂੰਨ ਮੰਤਰੀ ਸ੍ਰੀ ਅਸ਼ੋਕ ਸੇਨ ਨੇ ਦੱਸਿਆ ਕਿ ਇਸਦਾ ਮਨੋਰਥ ਜਮਹੂਰੀ ਢਾਂਚੇ ਵਿਚ ਪਾਰਟੀ ਪ੍ਰਣਾਲੀ ਨੂੰ ਅਹਿਮ ਅੰਗ ਵਜੋਂ ਮਾਨਤਾ ਦੇਣਾ ਹੈ। ਉਨ੍ਹਾਂ ਦੱਸਿਆ ਕਿ ਇਸ ਬਿੱਲ ਦੀਆ ਵਿਵਸਥਾਵਾਂ ਨੂੰ ਸਾਰੀਆਂ ਧਿਰਾਂ ਵਲੋਂ ਇਕ ਇਤਿਹਾਸਕ ਕਾਰਵਾਈ ਵਜੋਂ ਸਵਾਗਤ ਕੀਤਾ ਗਿਆ ਹੈ।

ਇਸ ਬਿਲ 'ਤੇ ਬਹਿਸ ਸ਼ੁਰੂ ਕਰਦਿਆਂ ਮਾਰਕਸਵਾਦੀ ਪਾਰਟੀ ਦੇ ਮੈਂਬਰ ਸ੍ਰੀ ਦਿਪੇਨ ਘੋਸ਼ ਨੇ ਦੱਸਿਆ 1967 ਤੋਂ ਦਲਬਦਲੀਆਂ ਦਾ ਸਿਲਸਿਲਾ ਸ਼ੁਰੂ ਹੋਇਆ। ਉਦੋਂ ਤੋਂ ਲੈ ਕੇ 1983 ਤਕ 2700 ਕੇਸ ਦਲਬਦਲੀਆ ਦੇ ਵਾਪਰੇ ਹਨ।

ਉਨ੍ਹਾਂ ਕਿਹਾ ਕਿ ਦਲਬਦਲੀ ਕਰਨ ਵਾਲਿਆਂ ਨੂੰ ਧਨ ਅਤੇ ਅਹੁਦੇ ਦਾ ਲਾਲਚ ਦਿਤਾ ਜਾਂਦਾ ਹੈ। ਉਨ੍ਹਾ ਦੱਸਿਆ ਕਿ ਦਲਬਦਲੀ ਕਰਨ ਵਾਲਿਆ 'ਚੋਂ ਹੁਣ ਤੱਕ 212 ਮੰਤਰੀ ਬਣੇ ਤੇ 15 ਮੁਖ ਮੰਤਰੀ। ਉਨ੍ਹਾਂ ਨੇ ਇਸ ਸੰਬੰਧ ਵਿਚ ਭਜਨ ਲਾਲ, ਜੀ. ਐਮ. ਸ਼ਾਹ ਅਤੇ ਭਾਸਕਰ ਰਾਓ ਦੇ ਨਾਂ ਵੀ ਲਏ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਯਤਨ ਅਸਲ ਵਿਚ ਤਦ ਸ਼ਲਾਘਾਯੋਗ ਹੋਏਗਾ ਜੇਕਰ ਜੋ ਕੁਝ ਜੰਮੂ-ਕਸ਼ਮੀਰ ਵਿਚ ਹੋਇਆ ਹੈ ਉਸਨੂੰ ਤੁਰੰਤ ਖਤਮ ਕੀਤਾ ਜਾਵੇ

ਸ੍ਰੀ ਘੋਸ਼ ਨੇ ਆਸ ਪ੍ਰਗਟ ਕੀਤੀ ਕਿ ਇਸ ਬਿਲ ਨਾਲ ਸਿਆਸਤ ਵਿਚੋਂ 'ਆਇਆ ਰਾਮ ਤੇ ਗਇਆ ਰਾਮ' ਦਾ ਚੈਪਟਰ ਖਤਮ ਹੋ ਜਾਏਗਾ।

ਕਾਂਗਰਸ (ਆਈ) ਦੇ ਮੈਂਬਰ ਸ੍ਰੀ ਐਮ. ਸੀ. ਭੰਡਾਰੀ ਨੇ ਇਸ ਬਿੱਲ ਦੇ ਕਈ ਪੱਖਾਂ ਨੂੰ ਸਦਨ ਸਾਹਮਣੇ ਰੱਖਦਿਆਂ ਵਿਰੋਧੀ ਧਿਰ ਦੀ ਇਸ ਆਲੋਚਨਾ ਦਾ ਖੰਡਨ ਕੀਤਾ ਕਿ ਇਹ ਕਦਮ ਕਾਹਲੀ 'ਚ ਲਿਆ ਗਿਆ ਹੈ।

ਏ. ਆਈ. ਏ. ਡੀ. ਐਮ. ਕੇ. ਵਲਮਪੁਰੀ ਜੋਨ ਨੇ ਇਸ ਬਿਲ ਦੀ ਅਹਿਮੀਅਤ 'ਤੇ ਜ਼ੋਰ ਦਿੰਦਿਆਂ ਦੱਸਿਆ ਕਿ ਇਸਦੇ ਲਾਗੂ ਹੋਣ ਨਾਲ ਅਜ ਦੀ ਸਿਆਸਤ ਵਿਚੋਂ ਪੈਸੇ ਦੀ ਤਾਕਤ ਜਾਂਦੀ ਰਹੇਗੀ।

ਕਾਂਗਰਸ (ਆਈ) ਦੇ ਸ੍ਰੀ ਸੁਧਾਕਰ ਪਾਂਡੇ ਨੇ ਕਿਹਾ ਕਿ ਇਸ ਨਾਲ ਬੜੀ ਸਿਹਤਮੰਦ ਰਵਾਇਤ ਕਾਇਮ ਹੋਵੇਗੀ।

ਇਸ ਬਿਲ ਦਾ ਸਵਾਗਤ ਕਰਦਿਆ ਜਨਤਾ ਪਾਰਟੀ ਦੇ ਸ੍ਰੀ ਸ਼ਾਂਤੀ ਪਟੇਲ ਨੇ ਮੰਗ ਕੀਤੀ ਕਿ ਸਾਰੇ ਚੋਣ ਪ੍ਰਬੰਧ ਵਿਚੋਂ ਪੈਸੇ ਤੇ ਤਾਕਤ ਦੀ ਕੁਵਰਤੋਂ ਰੋਕਣ ਲਈ ਸੁਧਾਰ ਕੀਤਾ ਜਾਣਾ ਚਾਹੀਦਾ ਹੈ।

ਕਾਂਗਰਸ (ਆਈ) ਦੇ ਡਾ. ਆਰ. ਪੀ. ਰੇਮ ਨੇ ਦੱਸਿਆ ਕਿ ਇਸ ਬਿੱਲ ਦੇ ਲਾਗੂ ਹੋਣ ਨਾਲ ਨੌਜਵਾਨ ਪੀੜ੍ਹੀ ਦੀ ਸਿਆਸੀ ਜ਼ਿੰਦਗੀ ਵਿਚ ਭਰੋਸਾ ਵਧੇਗਾ

ਭਾਰਤੀ ਜਨਤਾ ਪਾਰਟੀ ਦੇ ਸ੍ਰੀ ਜਸਵੰਤ ਸਿੰਘ ਨੇ ਦੱਸਿਆ ਕਿ ਇਹ ਬਿੱਲ ਪਹਿਲਾਂ ਅਜਿਹਾ ਕਦਮ ਹੈ "ਜਿਸਨੂੰ ਅਸੀਂ ਉਹ ਵਾਤਾਵਰਣ ਸਾਫ ਕਰਨ ਲਈ ਸਵੀਕਾਰ ਕਰ ਰਹੇ ਹਾਂ ਜਿਸ ਵਿਚ ਅਸੀਂ ਕੰਮ ਕਰਦੇ ਹਾਂ।"

ਕਾਂਗਰਸ (ਆਈ) ਦੇ ਸੁਲਤਾਨ ਸਿੰਘ ਨੇ ਕਿਹਾ ਕਿ ਇਸ ਬਿੱਲ ਦੇ ਲਾਗੂ ਹੋਣ ਨਾਲ ਤਣਾਓ ਦੀ ਰਾਜਨੀਤੀ ਖਤਮ ਹੋਵੇਗੀ ਤੇ ਪਿਆਰ ਤੇ ਸਨੇਹ ਦਾ ਰਾਜਨੀਤਕ ਦੌਰਾ ਸ਼ੁਰੂ ਹੋਵੇਗਾ।

ਦਮਕਿਪਾ ਦੇ ਸਤ ਪ੍ਰਕਾਸ਼ ਮਾਲਵੀਆ ਨੇ ਸੁਝਾਅ ਦਿਤਾ ਕਿ ਰਾਏ ਲੈਣ ਲਈ ਇਹ ਬਿੱਲ ਸੁਪਰੀਮ ਕੋਰਟ ਵਲ ਭੇਜਿਆ ਜਾਣਾ ਚਾਹੀਦਾ ਹੈ।

ਬਹਿਸ ਵਿਚ ਸ਼ਾਮਲ ਹੁੰਦਿਆਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਸ ਗੱਲ ਨੂੰ ਹਾਸੋ-ਹੀਣ ਦੱਸਿਆ ਕਿ ਕਾਂਗਰਸ (ਆਈ) ਨੇ ਫੁੱਟ ਦੇ ਡਰੋ ਦਲਬਦਲੀ ਰੋਕੂ ਬਿਲ ਲਾਗੂ ਕਰਵਾਉਣ ਦਾ ਕਦਮ ਚੁਕਿਆ ਹੈ।

ਉਨ੍ਹਾਂ ਦੱਸਿਆ ਕਿ ਅਸਲ ਵਿਚ ਗੱਲ ਤਾ ਇਹ ਹੈ ਕਿ ਕਈ ਜਾਣੇ ਕਾਂਗਰਸ (ਆਈ) ਵਿਚ ਰਲਣਾ ਚਾਹੁੰਦੇ ਹਨ। ਵਿਰੋਧੀ ਧਿਰ ਦੇ ਕਈ ਸੀਨੀਅਰ ਆਗੂਆਂ ਨੇ ਕਾਂਗਰਸ (ਆਈ) ਦਾ ਮੈਂਬਰ ਬਣਨਾ ਚਾਹਿਆ ਹੈ।

# PRESS RELEASE

On Saturday, January 26th members of the Sikh Community of Winnipeg gathered at the Singh Sabha Gurdwara at Sturgeon Road to register their protest against undemocratice practices of the Government of India aginst the Sikhs. The consensus of the meeting was that India, on the International scene, only pretends to be a Democracy. At best it must be described as a Theocracy dominated by the Hindu majority that has no regard, consideration or tolerance for the large minorities such as the Moslems and the Sikhs. If political climate of the country is not changed by the present government of Mr. Rajiv Gandhi, the country will disintegrate and the entire responsibility of the fragmentation will be on the shoulders of the Hindu communalism and the political naivete of Mr. Gandhi. Prayes were said for the unity of the country and peace and harmony between various communities living in India. Violence against the Sikhs must and spilling of their blood must come to an end so that they may once more consider themselves equal partness in the country's future. The Government of India must assure the Sikhs that their property and lives all over the country are safe, and they have as musch right over the prosperity and resources of the Country as the Hindus. The Government has to take definite positive steps to restore confidence and sense of security amongest the Sikhs. It will be unfortunate for India if the Sikh alienation is allowed to crystollize into a hardened reality either by the actions of the Government or by the Hindus majority attitude.

A two minute silence was observed to mark the occasion. The meeting felt that the silence was more appropriated as no words could fathom the depth of shock the Sikhs experience and the hurt that has benumbed the community.


## ਅੱਜ ਹੀ ਚੰਦਾ ਭੇਜ ਕੇ "ਕੈਨੇਡਾ ਦਰਪਣ" ਦੇ ਮੈਂਬਰ ਬਣੋ





ਤੁਸੀਂ ਮੇਰਾ ਜਲੇਬੀ ਜੂੜਾ ਵੇਖੋ ਠੀਕ ਏ?
ਇਸਨੂੰ ਪੁੱਠਾ ਕਰਕੇ ਵੇਖ ਕਮਲੀਏ ਮੇਰਾ ਹੀ ਧੜ ਤੂੰ ਸਿਰ ਉਪਰ ਰੱਖ ਲਿਆ।

## ਕਿਸੇ ਹੋਰ ਥਾਂ ਮੂਵ ਹੋ ਰਹੇ ਹੋ? ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ————————
ਪੁਰਾਣਾ ਪਤਾ————————
————————
————————
————————
ਨਵਾਂ ਪਤਾ ਸਟਰੀਟ/ਐਵੇਨਿਊ————
ਟਾਊਨ————————
ਸਟੇਟ————————
ਪੋਸਟਲ ਕੋਡ————————
ਫੋਨ ਨੰਬਰ————————


# WHEATON PONTIAC BUICK GMC

**LTD.**

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ-ਪੇਮੈਂਟ ਦੇਕੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜਰੂਰ ਦਿਓ।



Kuldip Jhand

**ਕੁਲਦੀਪ ਸਿੰਘ ਝੰਡ**
**ਨੂੰ ਫੋਨ ਕਰੋ ਜਾਂ ਮਿਲੋ**

**Bus. 526-2781**

**Res. 524-4137 Pager 687-7711 #7610**

**325 - 12th St., New Westminster, B.C.**

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਅਦਿ ਹਨ-ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰੀਂ ਕੁਲਦੀਪ ਝੰਡ ਨੂੰ ਜਰੂਰ ਮਿਲੋ ਜਾਂ ਘੱਟੋ ਘੱਟ ਫੋਨ ਜਰੂਰ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

**SUPER BUYS**

ਵਿਅੰਗ

ਕੇ. ਐਲ. ਗਰਗ

# ਪਿਆਰੀ ਚੀਨੀ ਦੇ ਨਾਂ ਇਕ ਖਤ

ਪਿਆਰੀ ਚੀਨੀ,

ਰੱਬ ਤੈਨੂੰ ਸੁਮੱਤ ਬਖਸ਼ੇ !

ਜਦੋਂ ਦੀ ਤੂੰ ਸ਼ਾਹਾਂ ਦੇ ਅੰਡਰ ਗਰਾਊਂਡ ਗੋਦਾਮ 'ਚ ਗਈ ਐਂ ਸਾਡਾ ਤਾਂ ਸਾਰਾ ਜੀਆ ਜੰਤ ਹੀ ਅਕਲਕਾਨ ਹੋਇਆ ਪਿਐ। ਤੈਨੂੰ ਯਾਦ ਕਰ ਕਰ ਕੇ ਨਿੱਕੇ ਨਿਆਣੇ ਘੜੀ ਮੁੜੀ ਬਾਰੀ 'ਚ ਪਈ ਖਾਲੀ ਪੀਪੀ ਉਲਟ ਪੁਲਟ ਕੇ ਦੇਖਦੇ ਰਹਿੰਦੇ ਹਨ ਪਰ ਤੈਨੂੰ ਉਥੇ ਗੈਰ ਹਾਜ਼ਿਰ ਪਾ ਕੇ ਆਪਣੀ ਮਾਂ ਦਾ ਸਿਰ ਖਾਣ ਲੱਗ ਪੈਂਦੇ ਹਨ। ਮਾਂ ਤੋਂ ਘੜੀ ਮੁੜੀ ਤੇਰਾ ਅਤਾ ਪਤਾ ਪੁੱਛਦੇ ਹਨ। ਮਾਂ ਖਿਝ ਕੇ ਕਈ ਵਾਰੀ ਉਹਨਾਂ ਦੇ ਧੌਲ ਧੱਫਾ ਵੀ ਕਰ ਦਿੰਦੀ ਹੈ। ਜੇ ਬਹੁਤੀ ਹੀ ਤਪੀ ਹੋਈ ਹੋਵੇ ਤਾਂ ਚੁਪੇੜਾਂ ਨਾਲ ਬੂਥਾ ਵੀ ਸੇਕ ਦਿੰਦੀ ਹੈ। ਜਦ ਕੁਟਾਪਾ ਚੜ੍ਹਣ ਦੇ ਬਾਵਜੂਦ ਵੀ ਬੱਚੇ ਆਪਣੀ ਜ਼ਿਦ ਤੋਂ ਬਾਜ਼ ਨਹੀਂ ਆਉਂਦੇ ਤਾਂ ਮਾਂ ਉਹਨਾਂ ਨੂੰ ਤੇਰੇ ਉਧਾਲੇ ਦੀ ਕਹਾਣੀ ਇਉਂ ਬਿਆਨ ਕਰਦੀ ਹੈ : 'ਪੁੱਤਰੋ, ਤੁਹਾਡੀ ਪਿਆਰੀ ਰਾਜਕੁਮਾਰੀ ਚੀਨੀ ਨੂੰ ਉਚੀਆਂ ਕਿੰਗਰੀਆਂ ਵਾਲੀਆਂ ਹਵੇਲੀਆਂ ਵਾਲਾ ਦਿਓ ਚੁੱਕ ਕੇ ਲੈ ਗਿਆ ਹੈ ਤੇ ਉਸ ਜ਼ਾਲਿਮ ਨੇ ਉਸਨੂੰ ਆਪਣੀ ਹਵੇਲੀ ਥੱਲੜੇ ਤਹਿਖਾਨੇ 'ਚ ਕੈਦ ਕੀਤਾ ਹੋਇਆ ਹੈ ਜਿਸਦੇ ਦਰਜਨਾਂ ਬੂਹੇ ਹਨ ਪਰ ਹਰ ਬੂਹੇ ਤੇ ਬੜੇ ਹੀ ਸਖਤ ਪਹਿਰੇਦਾਰ ਪਹਿਰਾ ਦੇ ਰਹੇ ਹਨ ਜੋ ਤਰ੍ਹਾਂ ਤਰ੍ਹਾਂ ਦੇ ਹਥਿਆਰਾਂ ਨਾਲ ਉਸਦੀ ਰਾਖੀ ਕਰ ਰਹੇ ਹਨ। ਇਹਨਾਂ ਪਹਿਰੇਦਾਰਾਂ ਨੂੰ ਤੁਸੀਂ ਹਰ ਪੰਜ ਵਰ੍ਹਿਆਂ ਬਾਦ ਆਪਣੇ ਗਲੀ ਮਹੁੱਲਿਆਂ ਵਿਚ ਹਰਲ ਹਰਲ ਕਰਦੇ ਵੀ ਦੇਖ ਸਕਦੇ ਹੋ। ਕਿਸੇ ਕੋਲ ਤਿਰੰਗਾ, ਕਿਸੇ ਕੋਲ ਪੀਲਾ, ਕਿਸੇ ਕੋਲ ਕੇਸਰੀਆ ਤੇ ਕਿਸੇ ਕੋਲ ਸਫੇਦ ਝੰਡਾ ਫੜਿਆ ਹੋਇਆ ਹੁੰਦਾ ਹੈ। ਹਵੇਲੀ ਦੇ ਟੈਲੀਫੋਨ ਦੀ ਤਾਰ ਦਾ ਕੁਨੈਕਸ਼ਨ ਸਿੱਧਾ ਉਤਾਂਹ ਧੁਰ ਵੱਡੇ ਪਹਿਰੇਦਾਰਾਂ ਨਾਲ ਜੁੜਿਆ ਹੋਇਆ ਹੈ। ਜਦੋਂ ਵੀ ਉਸ ਦਿਓ ਨੂੰ ਕੋਈ ਖਤਰਾ ਨਜ਼ਰ ਆਉਂਦਾ ਐ। ਇਸ ਲਈ ਦਿਓ ਖੁਸ਼ ਹੋ ਕੇ ਉਹਨਾਂ ਨੂੰ ਹਰ ਪੰਜ ਵਰ੍ਹਿਆਂ ਬਾਦ ਤੇ ਕਈ ਵਾਰੀ ਵਰ੍ਹੇ ਦੋ ਵਰ੍ਹਿਆਂ ਬਾਦ ਹੀ ਵੱਡੀਆਂ ਵੱਡੀਆਂ ਰਕਮਾਂ ਡਾਲੀ ਅਤੇ ਨਜ਼ਰਾਨੇ ਵਜੋਂ ਭੇਂਟ ਕਰਦਾ ਹੈ ਤਾਂਕਿ ਉਹ ਫੇਰ ਪਹਿਰੇਦਾਰ ਚੁਣੇ ਜਾ ਸਕਣ ਤੇ ਵੱਡੀ ਤੇ ਉਚੀ ਹਵੇਲੀ ਦੀ ਪਹਿਲਾਂ ਦੀ ਤਰ੍ਹਾਂ ਦਿਆਨਤਦਾਰੀ, ਤਨ, ਮਨ ਤੇ ਹਥਿਆਰਾਂ ਨਾਲ ਰੱਖਿਆ ਕਰ ਸਕਣ ਤੇ ਉਹ ਦਿਓ ਫੇਰ ਜੋਸ਼ੋ-ਖਰੋਸ਼ ਨਾਲ ਕਈ ਹੋਰ ਸ਼ਹਿਜ਼ਾਦੇ ਸ਼ਹਿਜ਼ਾਦੀਆਂ ਨੂੰ ਕੈਦ ਕਰਨ ਦਾ ਉਪਰਾਲਾ ਕਰ ਸਕੇ। ਗੰਢਾ ਪੁਰੀ ਦਾ ਰਾਜਕੁਮਾਰ, ਤੇਲ ਪੁਰੀ ਦੀ ਰਾਜਕੁਮਾਰੀ, ਕਣਕ ਦੇਵੀ, ਸਰੋਂ ਦੇਵੀ ਤੇ ਹੋਰ ਪਤਾ ਨਹੀਂ ਕਿਹੜੀਆਂ ਕਿਹੜੀਆਂ ਰਾਜਕੁਮਾਰੀਆਂ ਉਸ ਦਿਓ ਦੀ ਕੈਦ ਕੱਟ ਚੁੱਕੀਆਂ ਹਨ। ਜੇ ਤੁਸੀਂ ਬਹੁਤੇ ਹੀ ਔਖੇ ਹੋਵੋ ਤਾਂ ਉਹ ਵੱਡੇ ਪਹਿਰੇਦਾਰ ਆਪਣੀ ਮੱਦਦ ਲਈ ਲਾਲ ਪਹਾੜੀਆਂ ਤੇ ਖਾਕੀ ਵਰਦੀਆਂ ਵਾਲੇ ਪਹਿਰੇਦਾਰਾਂ ਨੂੰ ਬੁਲਾ ਲੈਂਦੇ ਹਨ ਤੇ ਉਹ ਝੱਟ ਅੱਡੀਆਂ ਬਜਾਉਂਦੇ ਹਾਜ਼ਿਰ ਹੋ ਜਾਂਦੇ ਹਨ ਤੇ ਫੇਰ ਤੁਸੀਂ ਜਾਣਦੇ ਹੀ ਹੋ ਕਿ ਚੀਨੀ, ਤੇਲ, ਗੰਢੇ, ਕਣਕ, ਰੋਟੀ ਮੰਗਣ ਵਾਲਿਆਂ ਨੂੰ ਉਹ ਕੀ ਕੀ ਤੋਹਫੇ ਦੇ ਕੇ ਜਾਂਦੇ ਹਨ।

ਇਸ ਕਹਾਣੀ ਦੇ ਲੰਬੇ ਹੋ ਜਾਣ ਤੇ ਨਿਆਣੇ ਬੜੀ ਹੀ ਬੇਸਬਰੀ ਨਾਲ ਪੁੱਛਦੇ ਹਨ, "ਕਿਉਂ ਬੇਬੇ, ਫਿਰ ਚੀਨੀ ਨੂੰ ਦਿਓ ਦੀ ਕੈਦ ਤੋਂ ਆਜ਼ਾਦ ਕੌਣ ਕਰਾਊ ਤਾਂ ਮਾਂ ਹੌਕਾ ਭਰ ਕੇ ਉਤਰ ਦਿੰਦੀ ਹੈ, 'ਪੁੱਤਰੋ ਅੱਗੇ ਸ਼ਹਿਜ਼ਾਦਿਆਂ ਨੂੰ ਕੈਦੋਂ ਛੁਡਾਉਣ ਲਈ ਬਹਾਦਰ ਸ਼ਹਿਜ਼ਾਦੇ ਜਨਮ ਲੈਂਦੇ ਸਨ ਤੇ ਦਿਓ ਦੀ ਜਾਨ ਜਿਸ ਤੋਤੇ 'ਚ ਹੁੰਦੀ ਸੀ ਉਸਦੀ ਘੰਡੀ ਮਰੋੜ ਉਹ ਸ਼ਹਿਜ਼ਾਦੀ ਨੂੰ ਅਜ਼ਾਦ ਕਰਵਾ ਲੈਂਦੇ ਸਨ ਪਰ ਮੈਨੂੰ ਲੱਗਦੈ ਹੁਣ ਤਾਂ ਸ਼ਾਇਦ ਬਹਾਦਰ ਸ਼ਹਿਜ਼ਾਦੇ ਪੈਦਾ ਹੋਣੇ ਹੀ ਬੰਦ ਹੋ ਗਏ ਨੇ! ਬਹਾਦਰੀ ਤਾਂ ਸ਼ਾਇਦ ਹੁਣ ਸਾਡੀਆਂ ਫਿਲਮਾਂ 'ਚ ਰਹਿ ਗਈ ਹੈ ...।" ਤਾਂ ਨਿਆਣੇ ਮੁੱਕੇ ਕਸ ਕੇ ਇਕੋ ਸਾਹ ਕਹਿੰਦੇ ਹਨ, "ਮਾਂ ਅਸੀਂ ਛੁਡਾਵਾਂਗੇ ਚੀਨੀ ਨੂੰ ਦਿਓ ਦੀ ਕੈਦ 'ਚੋਂ।" ਤੇ ਮਾਂ ਮਿਰਕੇ ਨਾਲ ਅੱਖਾਂ ਪੂੰਝ ਲੈਂਦੀ ਹੈ।

ਤੇਰੇ ਉਧਾਲੇ ਤੋਂ ਬਾਅਦ ਅਸੀਂ ਹਰ ਰੋਜ਼ ਰੱਬ ਮੂਹਰੇ ਇਹੋ ਅਰਦਾਸ ਕਰਦੇ ਹਾਂ ਕਿ ਰੱਬਾ ਸਾਡੇ ਘਰ ਕੋਈ ਮਹਿਮਾਨ ਨਾ ਭੇਜੀਂ ਜਮਦੂਤ ਬੇਸ਼ੱਕ ਘੱਲ ਦੇਈਂ ਕਿਉਂਕਿ ਉਜੜੀਆਂ ਅਲਮਾਰੀਆਂ ਦੀਆਂ ਖਾਲੀ ਪੀਪੀਆਂ ਹਰ ਵੇਲੇ ਸਾਡੀ ਜਾਨ ਨੂੰ ਰੋਂਦੀਆਂ ਰਹਿੰਦੀਆਂ ਹਨ। ਮਹਿਮਾਨ ਕਿਸਮ ਦੇ ਬੰਦੇ ਵੀ ਹੁਣ ਸਾਡੇ ਵਰਗੇ ਲੋਕਾਂ ਦੇ ਘਰੇ ਆਉਣੋਂ ਕੰਨੀਂ ਕਤਰਾਉਂਦੇ ਹਨ ... ਜਿਸ ਘਰ ਚੀਨੀ ਨਾ ਹੋਵੇ ਉਸ ਘਰ ਮਹਿਮਾਨ ਦਾ ਕੰਮ ਵੀ ਭਲਾ ਕੀ ?

ਕਈ ਵਿਦਵਾਨ ਜਿਨ੍ਹਾਂ ਨੇ ਅਰਥ ਸ਼ਾਸਤਰ ਨਾਂ ਦੇ ਗਰੰਥ ਦਾ ਚੰਗਾ ਅਧਿਐਨ ਕੀਤਾ ਹੋਇਐ ਸਾਨੂੰ ਹਰ ਵੇਲੇ ਮੱਤਾਂ ਦਿੰਦੇ ਰਹਿੰਦੇ ਹਨ ਕਿ ਚੀਨੀ ਸ਼ਾਹਾਂ ਦੇ ਚੁਬਾਰੇ ਜਾ ਚੜ੍ਹੀ ਹੈ, ਤੁਸੀਂ ਵੀ ਉਸ ਨਾਲ ਵਰਤ-ਵਿਹਾਰ ਹੀ ਛੱਡ ਦਿਉ। ਜਦ ਸ਼ਾਹਾਂ ਦਾ ਦਿਓ ਭੁੱਖਾ ਮਰਨ ਲੱਗਾ ਆਪੇ ਉਹਨੂੰ ਬਾਜ਼ਾਰ 'ਚ ਘੱਲ ਦੇਊ। ਪਰ ਪਿਆਰੀ ਚੀਨੀ, ਕਹਿਕੇ ਕੀਹਦੇ ਵਰਤ-ਵਿਹਾਰ ਛੱਡੀਏ। ਹਰ ਇਕ ਨਾਲ ਨਾਤਾ ਤੋੜ ਕੇ ਤਾਂ ਸ਼ਾਇਦ ਹਰਿਦੁਆਰ ਜਾਂਦੇ ਹਵਾ ਪਾਣੀ ਤੇ ਰਾਮ ਨਾਮ ਸੱਤ ਤੇ ਹੀ ਗੁਜ਼ਾਰਾ ਕਰਨਾ ਪਵੇ। ਕਬੀਲਦਾਰੀ 'ਚ ਆਏ ਥੋੜ੍ਹੋਂ ਸਰਦੇ। ਤੂੰ ਤਾਂ ਆਪ ਸਿਆਣੀ ਐਂ ਭਲਾ ਮੂੰਹ ਮੁਲਾਹਜ਼ਾ ਵੀ ਤਾਂ ਰੱਖਣੇ ਈ ਪੈਂਦੇ ਨਾ। ਉਂ ਹੁਣ ਨਵੇਂ ਪਹਿਰੇਦਾਰਾਂ ਦੇ ਚਲਣ ਦਾ ਵੇਲਾ ਆਉਣ ਵਾਲਾ ਈ ਐ ਤੇ ਹੋ ਸਕਦੈ ਤੈਨੂੰ ਦਿਓ ਪੰਜ ਸੱਤ ਦਸ ਦਿਨ ਲਈ ਆਪਣੀ ਕੈਦ ਚੋਂ ਛੱਡ ਹੀ ਦੇਵੇ ਪਰ ਤੇਰੇ ਗਲ 'ਚ ਪਾਉਣ ਵਾਲੀ ਸੰਗਲੀ ਉਹ ਬਹੁਤੀ ਦੇਰ ਖਾਲੀ ਨਾਲ ਰਹਿਣ ਦੇਣ ਲੱਗਾ। ਪਹਿਰੇਦਾਰ ਵੀ ਤਾਂ ਜਿਤਾਉਣੇ ਹੋਏ ਨਾ।

ਜਿੱਦਣ ਦੀ ਤੂੰ ਗਈ ਐਂ ਜੀਅ ਜੀਅ ਦਾ ਮੂੰਹ ਕੌੜਾ ਹੋਇਆ ਪਿਐ। ਸਾਡੇ ਤਾਂ ਹਰ ਬੰਦੇ ਦੇ ਮੂੰਹ ਦਾ ਸੁਆਦ ਹੀ ਬਦਲ ਗਿਐ। ਹਰ ਚੀਜ਼ ਕੁਸੈਲੀ ਕੁਸੈਲੀ ਲੱਗਣ ਲੱਗ ਪਈ ਐ! ਬਹੁਤੀ ਗੱਲ ਤਾਂ ਨਿਆਣਿਆਂ ਦੀ ਐ ਉਹ ਤਾਂ ਸਹੁਰੇ ਉਂਈ ਓਧਰੇ ਪਏ ਐ। ਹੁਣ ਤਾਂ ਲੱਸੀ ਤੇ ਚਾਹ ਵੀ ਗਾਇਬ ਹੋਣ ਦੀ ਹਾਲਤ ਤੱਕ ਆ ਪਹੁੰਚੀਆਂ ਹਨ।

ਖੈਰ ਤੂੰ ਘਬਰਾ ਨਾ ਤੇ ਸਬਰ ਨਾਲ ਆਪਣੇ ਦਿਨ ਕੱਟੀ ਜਾ, ਜਿਵੇਂ ਸਾਡਾ ਭਾਰਤੀ ਲੋਕਾਂ ਦਾ, ਜੋ ਭਾਵੇਂ ਕਿੰਨੇ ਹੀ ਔਖੇ ਕਿਉਂ ਨਾ ਹੋਣ, ਕਿਸਮਤ, ਸਬਰ ਤੇ ਹੋਣੀ ਸਦਕਾ ਵਾਹਵਾ ਝੱਟ ਲੰਘੀ ਜਾਂਦੈ। ਸਾਨੂੰ ਅਜੇ ਵੀ ਪੂਰਾ ਵਿਸ਼ਵਾਸ ਹੈ ਕਿ ਜੇ ਸਾਡੀ 'ਕਿਸਮਤ' 'ਚ ਹੋਇਆ ਤਾਂ ਤੂੰ ਜ਼ਰੂਰ ਸਾਡੇ ਕੋਲ ਵਾਪਿਸ ਆ ਜਾਏਂਗੀ ਤੇ ਜੇ ਕਿਸਮਤ ਹੀ ਖਰਾਬ ਹੋਈ ਫਿਰ ਤਾਂ ਕਹਿਣਾ ਈ ਕੀ ਐ ...।"

ਬੱਚਿਆਂ ਵੱਲੋਂ ਕੌੜੀ ਯਾਦ (ਕਿਉਂਕਿ ਯਾਦ ਮਿੱਠੀ ਤਾਂ ਤੇਰੇ ਸਦਕਾ ਹੀ ਹੋਣੀ ਸੀ)

ਤੇਰੀ ਯਾਦ 'ਚ ਤੜਫਦਾ,

ਤੇਰਾ ਆਪਣਾ ਹੀ,
ਇਕ ਦੁਖੀਆ
ਮੁਹੱਲਾ ਮਲੰਗਾਂ, ਦੁੱਖ ਨਗਰ, ਕਲੇਸ਼ਪੁਰ।

# Classified

## FOR RENT

1. 2 Bd. room suite basement. Near School, Bus-stop and Hospital. Rent $350 only.
Phone 254-5837(After 5 p.m.)

2. 3 Bd. room upstairs. Rent $500. Available immediately.
Phone 254-5837 (After 5 p.m.)

## FOR RENT

3 Bd. room house with 2 bd-room suite in basement. Reasonable rent.
Phone 254-5837 (After 5 p.m.)

## FOR SALE
## TRUCK WITH WORK

74 GMC ASTRO, very good condition.
Phone 688-0633

## FOR SALE

6 cylinder Chevy Van 1978. Good condition. Automatic. Reasonable price.
Phone 254-5837 (After 5 p.m.)

## ਦੋ ਕੰਨਿਆਵਾਂ ਦੀ ਲੋੜ

ਮਾਲਵੇ ਦੇ ਦੋ ਜੱਟ ਸਿੱਖ ਲੜਕੇ ਜਿੰਨ੍ਹਾਂ ਵਿਚੋਂ ਇਕ ਲੜਕਾ ਕੈਨੇਡੀਅਨ ਇਮੀਗਰੈਂਟ ਹੈ। ਉਮਰ 23 ਸਾਲ ਹੈ। ਕੱਦ 5 ਫੁੱਟ 8 ਇੰਚ ਹੈ। ਦੂਸਰਾ ਲੜਕਾ ਇੰਡੀਆ ਵਿਚ ਹੈ। ਜਿਸਦੀ ਉਮਰ 19 ਸਾਲ ਹੈ। ਕੱਦ 5 ਫੁੱਟ 9 ਇੰਚ ਹੈ। ਇੰਡੀਆ ਵਾਲੇ ਲੜਕੇ ਵਾਸਤੇ ਸਿਟੀਜਨ ਜਾਂ ਇਮੀਗਰੈਂਟ ਲੜਕੀ ਦੀ ਲੋੜ ਹੈ। ਕੈਨੇਡਾ ਵਾਲੇ ਲੜਕੇ ਲਈ ਲੜਕੀ ਭਾਵੇਂ ਇੰਡੀਆ ਵਿਚ ਹੋਵੇ। ਚਾਹਵਾਨ ਸੱਜਣ ਵੇਰਵੇ ਸਮੇਤ ਹੇਠ ਲਿਖੇ ਪਤੇ ਤੇ ਚਿੱਠੀ ਅਤੇ ਫੋਨ ਨੰਬਰ ਭੇਜਣ — M.S.

C/o The Canada Darpan
Box 67344 Stn. O
Vancouver, B.C. V5W 3T1

## 'ਕੈਨੇਡਾ ਦਰਪਣ' ਆਪ ਪੜ੍ਹੋ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

# ਮਹਾਤਰ ਦੇ ਕਾਤਲਾਂ ਨੂੰ ਉਮਰ ਕੈਦ

ਲੰਡਨ — ਦੋ ਕਸ਼ਮੀਰੀਆਂ ਨੂੰ, ਜਿਊਰੀ ਨੇ 12 ਵਿਚੋਂ 11 ਦੀ ਵੋਟ ਨਾਲ ਉਮਰ ਕੈਦ ਕਰ ਦਿਤੀ ਹੈ ਇਨ੍ਹਾਂ ਉਪਰ ਬਰਮਿੰਘਮ ਦੇ ਇੰਡੀਅਨ ਕੌਂਸਲੇਟ ਮਿ: ਰਵਿੰਦਰ ਮਹਾਤਰ ਨੂੰ ਕਤਲ ਕਰਨ ਦਾ ਚਾਰਜ ਲੱਗਿਆ ਸੀ। ਇਨ੍ਹਾਂ ਵਿਚੋਂ ਇਕ ਬ੍ਰਿਟਨ ਤੇ ਦੂਜਾ ਪੈਰਸ ਰਹਿੰਦਾ ਸੀ। ਮੁਹੰਮਦ ਰਿਆਜ 24 ਸਾਲਾਂ ਦਾ ਸੀ ਅਤੇ ਅਬਦੁਲ ਕਿਆਮ ਰਾਜ 28 ਸਾਲਾਂ ਦਾ, ਜੋ ਕਿ ਅਖੌਤੀ ਜੰਮੂ ਤੇ ਕਸ਼ਮੀਰ ਲਿਬਰੇਸ਼ਨ ਫਰੰਟ ਦਾ ਬਾਨੀ ਸੀ। ਚਾਰ ਹੋਰਾਂ ਨੂੰ ਵੱਖ ਵੱਖ ਮਿਆਦਾਂ ਲਈ ਕੈਦ ਕੀਤੀ ਗਈ। ਮੁਹੰਮਦ ਸਦੀਕ ਭੱਟ 43 ਸਾਲ ਨੂੰ 20 ਸਾਲ ਲਈ ਸਖਤ ਕੈਦ, ਜੰਗੀਰ ਮਿਰਜਾ 24 ਸਾਲ ਨੂੰ ਅਤੇ ਅਬਦੁਲ ਮਜ਼ਿਦ ਅਨਸਾਰੀ 23 ਸਾਲ ਜਿਨ੍ਹਾਂ ਨੇ ਕਿ ਕੇਸ ਵਿਚ ਗਵਾਹੀ ਨੂੰ ਨਾ ਲੁਕਾਉਣ ਦਾ ਦੋਸ਼ ਸਵੀਕਾਰ ਕੀਤਾ ਸੀ, ਤਿੰਨ ਅਤੇ ਦੋ ਸਾਲਾਂ ਦੀ ਕੈਦ ਹੋਈ ਹੈ ਅਤੇ ਮੁਹੰਮਦ ਇਸ਼ਾਕ ਨੂੰ ਪੰਜ ਸੌ ਪੌਂਡ ਬ੍ਰਿਟਿਸ਼ ਪਾਸਪੋਰਟ ਪ੍ਰਾਪਤ ਕਰਨ ਲਈ ਗਲਤ ਬਿਆਨ ਦੇਣ ਕਰਕੇ ਜ਼ੁਰਮਾਨਾ ਹੋਇਆ ਹੈ।

ਪਰ ਤਿੰਨ ਮੁਖ ਕਥਿਤ ਦੋਸ਼ੀਆਂ, ਮੁਹੰਮਦ ਮੁਸ਼ਰਤ ਇਕਬਾਲ, ਜਿਸ ਨੇ ਮਿਸਟਰ ਮਹਾਤਰ ਤੇ ਗੋਲੀ ਚਲਾਈ, ਤੇ ਅਸਲਾਮ ਮਿਰਜਾਨ ਅਤੇ ਅਸ਼ਰ ਮੁਹੰਮਦ ਉਪਰ ਮੁਕਦਮਾ ਨਹੀਂ ਚਲਾਇਆ ਜਾ ਸਕਿਆ ਕਿਉਂ ਕਿ ਉਹ ਪਾਕਿਸਤਾਨ ਨੂੰ ਬਚ ਕੇ ਨਿਕਲ ਗਏ ਦੱਸੇ ਜਾਂਦੇ ਹਨ। ਅਤੇ ਜੀਜ਼ ਉਲ ਹੱਕ ਦੀ ਸਰਕਾਰ ਨੇ ਉਨ੍ਹਾਂ ਦੇ ਦੇਸ਼ ਵਿਚ ਲੁਕੇ ਹੋਣ ਬਾਰੇ ਅਗਿਆਨਤਾ ਦਰਸਾਈ ਹੈ।

ਇਕ ਹੋਰ ਦੋਸ਼ੀ, ਜ਼ਬੈਰ ਅਨਸਾਰੀ ਵੀ ਗੁੰਮ ਹੈ ਉਸ ਬਾਰੇ ਵੀ ਪਾਕਿਸਤਾਨ ਨੂੰ ਭੱਜ ਜਾਣ ਦੀ ਸ਼ੱਕ ਹੈ।

## ਪੋਸਟ ਮਾਰਟਮ

### ਸਕਰੀਨਿੰਗ

ਕਹਿੰਦੇ ਨੇ ਕਿ ਇਕ ਜੱਟ ਨੇ ਇਕ ਖੂਬਸੂਰਤ ਮਿਰਾਸਣ ਦੇ ਘਰ ਵਾਲੇ ਨੂੰ ਆਪਣੇ ਖਰਚ 'ਤੇ ਆਪਣੇ ਖੇਤ ਵਿਚ ਛੋਲੇ ਬੀਜ ਕੇ ਦਿਤੇ ਤੇ ਨਾਲ ਹੀ ਝੁੱਗੀ ਵੀ ਪਾ ਦਿਤੀ ਕਿ ਉਥੇ ਬਹਿ ਕੇ ਰਾਖੀ ਕਰਿਆ ਕਰੇ।

ਇਕ ਰਾਤ ਮਿਰਾਸਣ ਵੀ ਝੁੱਗੀ ਵਿਚ ਬੈਠੀ ਸੀ ਕਿ ਮੀਂਹ ਤੇ ਗੜੇ ਪੈਣ ਲੱਗ ਪਏ। ਕਦੀ ਕਦੀ ਤੇਜ਼ ਬਿਜਲੀ ਵੀ ਲਿਸ਼ਕਦੀ ਸੀ।

ਮਿਰਾਸਣ ਆਪਣੇ ਘਰ ਵਾਲੇ ਨੂੰ ਕਹਿਣ ਲੱਗੀ, "ਦਾਦਾ ਮੀਂਹ ਤੇ ਗੜੇ ਤਾਂ ਹੋਏ ਪਰ ਇਹ ਲਿਸ਼ਕਾਰਾ ਜਿਹਾ ਕਾਹਦਾ ਵੱਜ ਰਿਹਾ ਹੈ ?"

ਮਿਰਾਸੀ ਕਹਿਣ ਲੱਗਾ, "ਭਾਗ-ਵਾਨੇ ਰੱਬ ਬੈਟਰੀ ਮਾਰ ਕੇ ਵੇਖਦਾ ਹੈ ਕਿ ਛੋਲਿਆਂ ਦੇ ਕਿਸੇ ਬੂਟੇ ਨਾਲ ਕੋਈ ਡੱਡਾ ਲੱਗਾ ਤਾਂ ਨਹੀਂ ਰਹਿ ਗਿਆ।"

ਜੇ ਉਹ ਮਿਰਾਸੀ ਪੰਜਾਬ ਸਰਕਾਰ ਦੀ ਨੌਕਰੀ ਵਿਚ ਹੁੰਦਾ ਤਾਂ ਉਸ ਨੇ ਰਾਸ਼ਟਰਪਤੀ ਰਾਜ ਦੀ ਸਕਰੀਨਿੰਗ ਦੀ ਬੈਟਰੀ ਬਾਰੇ ਇਹ 'ਕਹਿਣਾ ਸੀ, "ਸਰਕਾਰ ਇਹ ਵੇਖਦੀ ਹੈ ਕਿ ਕਿਧਰੇ ਕੋਈ ਐਸਾ ਕਰਮਚਾਰੀ ਤਾਂ ਨਹੀਂ ਰਹਿ ਗਿਆ ਜਿਹੜਾ ਪੰਜਾਹ ਸਾਲ ਦੀ ਉਮਰ ਤਕ ਇਮਾਨਦਾਰੀ ਨਾਲ ਨੌਕਰੀ ਕਰ ਕੇ ਅਜੇ ਵੀ ਸਰਕਾਰ ਦੇ ਘਰੋਂ ਰੋਟੀ ਟੁੱਕ ਖਾ ਕੇ ਠੰਢਾ ਪਾਣੀ ਪੀਣ ਵਿਚ ਵਿਸ਼ਵਾਸ ਰੱਖਦਾ ਹੈ।"



ਸ਼ਹਿਰ ਵਿਚ ਸੁੰਨਮਸਾਨ ਵੇਖ ਕੇ ਇਹ ਨਾਂ ਸਮਝ ਕਿ ਕਰਫਿਊ ਲੱਗਾ ਹੋਇਆ ਹੈ...। ਦਰਅਸਲ ਇਸ ਵੇਲੇ ਟੀ.ਵੀ. 'ਤੇ ਚਿੱਤਰਹਾਰ ਚੱਲ ਰਿਹਾ ਹੈ...।


# ਇਮੀਗਰੇਸ਼ਨ ਦਾ ਮਸਲਾ ਹੈ?

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸ਼ਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ। ਸਾਡੇ ਕੋਲੋਂ ਸਲਾਹ ਲੈ ਸਕਦੇ ਹੋ
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ
- ਆਰਫਨ (ਯਤੀਮ) ਬੱਚੇ ਨੂੰ ਮੰਗਵਾਉਣਾ ਹੋਵੇ, ਉਸ ਬਾਰੇ ਜਾਣਕਾਰੀ।
- ਜੇ ਤੁਸੀਂ ਕੈਨੇਡਾ ਜਾਂ ਯੂ. ਐਸ. ਏ. ਵਿੱਚ ਰਿਫਊਜੀ ਲਈ ਅਪਲਾਈ ਕਰਨਾ ਹੋਵੇ।
- ਬਿਜਨਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇਮੀਗਰੇਸ਼ਨ ਲੈਣੀ ਹੋਵੇ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ
- ਇਮੀਗਰੇਸ਼ਨ ਇਨਕੁਆਰੀ ਜਾਂ ਅਪੀਲ ਕਰਨ ਬਾਰੇ ਜਾਣਕਾਰੀ ਲੈਣੀ ਹੋਵੇ।
- ਟੈਮਪਰੇਰੀ ਵਰਕ ਪਰਮਿਟ ਲੈਣਾ ਹੋਵੇ।



ਮਲਕੀਤ ਸਿੰਘ ਪਰਹਾਰ

- ਰੀਟਰਨਿੰਗ ਰੈਜ਼ੀਡੈਂਟ ਪਰਮਿਟ ਲੈਣ ਬਾਰੇ ਜਾਣਕਾਰੀ।
- ਲੁਕੇ ਹੋਏ ਵਿਜ਼ਟਰ, ਕੈਨੇਡਾ ਅਤੇ ਯੂ. ਐਸ. ਏ. ਵਿੱਚ ਕਿਵੇਂ ਰਹਿਣ ਲਈ ਅਪਲਾਈ ਕਰ ਸਕਦੇ ਹਨ - ਉਸ ਬਾਰੇ ਜਾਣਕਾਰੀ।
- ਇੰਡੀਆ ਕੈਨੇਡਾ ਵਿੱਚ ਡਾਈਵੋਰਸ ਬਾਰੇ ਜਾਣਕਾਰੀ।
- ਇੰਡੀਆ ਦੇ ਵਿੱਚ ਜਾਇਦਾਦ ਦੇ ਕਾਨੂੰਨ ਬਾਰੇ ਜਾਣਕਾਰੀ।
- ਮੋਰਟਗੇਜ਼ ਬਾਰੇ ਜਾਣਕਾਰੀ।
- ਵਸੀਅਤ ਕਰਨ ਲਈ ਜਾਣਕਾਰੀ।
- ਸਿਟੀਜਨ ਤੇ ਪਾਸਪੋਰਟ ਬਣਾਉਣ ਲਈ ਜਾਣਕਾਰੀ।

ਹੋਰ ਜਾਣਕਾਰੀ ਲਈ ਮਿਲੋ
ਜਾਂ ਫੂਨ ਕਰੋ

## ਮਲਕੀਤ ਸਿੰਘ ਪਰਹਾਰ

ਘਰ (604) 228-0452
(604) 733-5611

ਟੈਲੈਕਸ 04-508746

**Malkit Singh Parhar**
#201-1275 W. 6th Avenue,
Vancouver, B.C. V6H1A6

# ਧਾਰਮਕ ਦਰਪਣ

## ਗੁਰਵਾਕ ਵਿਚਾਰ

ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥
ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥
ਰਾਮਕਲੀ ਕੀ ਵਾਰ ਮਹਲਾ ੧ ॥ ਪੰਨਾ 956॥

ਗੁਰੂ ਨਾਨਕ ਪਾਤਸ਼ਾਹ ਉਸ ਸੂਰਬੀਰ ਬਾਰੇ ਫੁਰਮਾਉਂਦੇ ਹਨ ਜਿਸਨੇ ਕਮਰ ਨਾਲ ਸੁੰਦਰ ਕਟਾਰ ਸਜਾਈ ਹੋਈ ਹੈ ਅਤੇ ਅਤਿ ਸੁੰਦਰ ਘੋੜੇ ਤੇ ਅਸਵਾਰ ਹੈ। ਕਿ ਭਾਈ ਬਹਾਦਰ ਸੂਰਮਿਆ ਹੰਕਾਰ ਨਾ ਕਰ ਇਹ ਨਾ ਹੋਵੇ ਤੇਰੇ ਸਿਰ ਉਪਰ ਬੋਝ ਆ ਪਵੇ। ਗੁਰ ਸਿਖੀ ਦੇ ਸਿਧਾਂਤ ਸਾਨੂੰ ਆਮ ਲੋਕਾਂ ਨੂੰ ਹੀ ਹਉਮੈਂ ਹੰਕਾਰ ਤੋਂ ਨਹੀਂ ਵਰਜਦੇ ਸਗੋਂ ਆਗੂਆਂ, ਲੀਡਰਾਂ, ਜੋਧਿਆਂ ਸੂਰਬੀਰਾਂ ਨੂੰ ਵੀ ਵਰਜਦੇ ਹਨ ਕਿ ਹੰਕਾਰ ਨਾ ਕਰੋ। "ਹੰਕਾਰਿਆ ਸੋ ਮਾਰਿਆ" ਆਮ ਕਹਾਵਤ ਵੀ ਹੈ। ਹੰਕਾਰ ਕਾਰਨ ਸਿਰ ਉਪਰ ਭਾਰ ਜਾਂ ਪਹਾੜ ਮੁਸੀਬਤਾਂ ਦੇ ਟੁੱਟਣੇ ਹੀ ਹੁੰਦੇ ਹਨ। ਹਉਮੈਂ ਹੰਕਾਰ ਵਿਚ ਮਸਤ ਮੂਰਖ ਬਹੁਤੀ ਬਾਰ ਪਾਪ ਕਰਨ ਤੋਂ ਨਹੀਂ ਡਰਦਾ। ਜਿਸਦੀ ਸਜਾ ਪਰਮੇਸ਼ਰ ਨੇ ਦੇਣੀ ਹੀ ਹੋਈ।

ਜੇ ਕੋਈ ਆਗੂ ਅਜਿਹਾ ਕਰੇਗਾ ਤਾਂ ਉਸ ਨਾਲ ਸੰਬੰਧਿਤ ਸਭਨਾਂ ਪੈਰੋਕਾਰਾਂ ਨੂੰ ਹੀ ਹੰਕਾਰ ਦੀ ਸਜ਼ਾ ਦਾ ਫਲ ਵੀ ਭੁਗਤਣਾ ਪੈਂਦਾ ਹੈ।

ਸਾਡੇ ਸਿੱਖ ਪੰਥ ਉਪਰ ਜੋ ਕਹਿਰ ਪਿਛਲੇ ਸਾਲ ਟੁਟਿਆ ਉਸ ਨੂੰ ਅਸੀਂ ਉਪਰੋਕਤ ਗੁਰਵਾਕ ਦੀ ਰੌਸ਼ਨੀ ਵਿਚ ਵੇਖੀਏ ਤਾਂ ਇਹੋ ਹੀ ਸਮਝ ਪੈਂਦੀ ਹੈ ਕਿ ਅਸੀਂ ਗੁਰਬਾਣੀ ਉਪਰ ਅਮਲ ਨਹੀਂ ਕਰਦੇ। ਵੱਡੇ ਅਸਚਰਜ ਦੀ ਗੱਲ ਹੈ ਕਿ ਜੋ ਸੰਤ ਰੂਪ ਧਾਰਨ ਕਰਕੇ, ਗੁਰਬਾਣੀ ਪੜ੍ਹਾਉਣ ਦਾ ਕੰਮ ਕਰਨ ਵਾਲੇ ਸਨ, ਉਨ੍ਹਾਂ ਵੀ ਇਸ ਤੋਂ ਸਬਕ ਨਾ ਸਿੱਖਿਆ।

ਦਾਸ ਬੇਨਤੀ ਕਰਦਾ ਹੈ ਕਿ ਗੁਰਵਾਕ ਵਿਚਾਰ, ਸਾਡੇ ਪੰਥ ਉਪਰ ਵਰਤੇ ਭਾਣੇ ਤੋਂ ਉਦਾਸ ਹੋਕੇ, ਲਿਖਣ ਲਈ ਸ਼ੁਰੂ ਕੀਤੇ ਹਨ ਕਿ ਹਉਮੈ ਹੰਕਾਰ ਬੜਾ ਵੱਡਾ ਰੋਗ ਹੈ, ਪਾਪ ਹੈ, ਗੁਨਾਹ ਹੈ, ਕੁਕਰਮ ਹੈ, ਇਸ ਤੋਂ ਬਚੋ। ਇਹ ਹਉਮੈ ਹੰਕਾਰ ਦੀ ਸਜ਼ਾ ਅਸੀਂ ਭੁਗਤ ਰਹੇ ਹਾਂ। ਇਹੋ ਹੀ ਸਾਡੀ ਏਕਤਾ ਦੇ ਰਾਹ ਵਿਚ ਵੱਡੀ ਰੁਕਾਵਟ ਹੈ।

ਸਰਬਤ ਦਾ ਭਲਾ ਮੰਗਣ ਵਾਲੇ ਗੁਰੂ ਦੇ ਸਿਖ ਹੋ ਕੇ ਅਸੀਂ ਗਰਬ-ਹੰਕਾਰ ਦਾ ਜੀਵਨ ਗੁਜ਼ਾਰੀਏ, ਬਹੁਤ ਦੁਖ ਦੀ ਗੱਲ ਹੈ।

**ਗੁਰਮੁਖ ਸਿੰਘ**

---

ਜ਼ਿੰਦਗੀ ਤੂੰ ਜੀ ਲਈ, ਮੈਂ ਜਰ ਲਈ।
ਹਾਂ, ਬਸਰ ਦੋਹਾਂ ਨੇ ਆਖਿਰ ਕਰ ਲਈ।
ਦਿਨ ਯਤੀਮਾਂ ਵਾਂਗ ਮਾਪੇ ਟੋਲਦਾ,
ਰਾਤ ਵਿਧਵਾ ਸਿਸਕਦੀ ਹੈ ਵਰ ਲਈ।
ਇਹ ਮੇਰਾ ਹੰਝੂ ਹੈ ਅਰਪਣ ਧਰਤ ਨੂੰ,
ਇਹ ਮੇਰਾ ਹਉਕਾ ਹੈ ਉਸ ਅੰਬਰ ਲਈ।
ਜੋਬਨਾਂ ਦੇ ਹੰਸ, ਉਮਰਾਂ ਤੋਂ ਪਏ,
ਭਟਕਦੇ ਹਨ, ਇਸ਼ਕ ਦੇ ਸਰਵਰ ਲਈ।

---

(ਪੰਨਾ 15 ਦੀ ਬਾਕੀ)

ਅਸੰਭਵ ਤੇ ਨਾ-ਮੁਮਕਿਨ ਹਨ। ਏਹੋ ਜਿਹਾ ਸੁਪਨਾ ਪਹਿਲਾਂ ਔਰੰਗਜ਼ੇਬ ਨੇ, 'ਦੋ ਤੋਂ ਇਕ ਕਰਨ ਦਾ', ਤੇ ਫੇਰ ਜਰਮਨੀ ਦੇ ਹਿਟਲਰ ਆਗੂਆ ਨੇ ਸਾਰੀ ਦੁਨੀਆਂ ਤੇ ਰਾਜ ਕਰਨ ਦਾ ਲਿਆ ਸੀ। ਉਹਦਾ ਜੋ ਹਸ਼ਰ ਹੋਇਆ, ਅੱਧਾ ਜਰਮਨ ਗੁਆ ਬੈਠਾ ਤੇ ਸਾਰੀ ਜਰਮਨ ਕੌਮ ਨੂੰ ਜੋ ਸ਼ਰਮਸਾਰੀ ਦਾ ਮੂੰਹ ਦੇਖਣਾ ਪਿਆ ਕਿਸੇ ਤੋਂ ਗੁੱਝਾ ਨਹੀਂ। ਹੁਣ ਤੇ ਸਾਂਝੀਵਾਲਤਾ ਏਕ ਪਿਤਾ, ਜੀਉ ਤੇ ਜੀਣ ਦਿਉ ਆਦਿ ਦਾ ਵਡਮੁੱਲਾ ਆਦੇਸ਼ ਹੀ ਪ੍ਰੈਕਟੀਕਲ ਤੇ ਸੰਭਵ ਹੋਵੇਗਾ। ਸਾਡੇ ਗੁਰਾਂ ਇਹ ਅਨੁਭਵ ਕਰ ਲਿਆ ਸੀ ਕਿ ਲੜਾਈ ਕਿਸੇ ਸੰਕਟ ਦਾ ਹੱਲ ਨਹੀਂ, ਲੜਾਈ ਤੇ ਇਕ ਹੋਰ ਲੜਾਈ ਖੜੀ ਕਰ ਦਿਆ ਕਰਦੀ ਹੈ। ਏਸੇ ਲਈ ਉਨ੍ਹਾਂ ਆਪਣੇ ਸਿੱਖਾਂ ਨੂੰ ਗੁਰ-ਗੱਦੀ ਪਿਆਰ ਰੂਪੀ ਗ੍ਰੰਥ ਨੂੰ ਸੌਂਪ, ਸਿੱਖਾਂ ਨੂੰ ਲੜਾਈ ਤੇ ਹਿੰਸਾ ਰਹਿਤ ਰਾਹ ਅਪਨਾਉਣ ਦਾ ਵਡਮੁੱਲਾ ਇਸ਼ਾਰਾ ਦਿਤਾ।

## ਗੁਪਤ ਭੇਦ ਨੈਟੋ ਨੂੰ ਪਹੁੰਚਾਏ ਗਏ

ਨਵੀਂ ਦਿੱਲੀ — ਦੇਸ਼ ਤੋਂ ਬਾਹਰ ਕੱਢਿਆ ਗਿਆ ਫਰਾਂਸੀਸੀ ਲੈ: ਕਰਨਲ ਅਲੇਨ ਬੌਲੀ ਭਾਰਤ ਵਿਚੋਂ ਨੈਟੋ ਜਥੇਬੰਦੀ ਦੇ ਇੰਨਟੈਲੀਜੈਂਸੀ ਕੇਂਦਰ ਨੂੰ ਪੈਰਿਸ ਵਿਚ, ਗੁਪਤ ਦਸਤਾਵੇਜ਼ ਪਹੁਚਾ ਰਿਹਾ ਸੀ। ਇਹ ਸਨਸਨੀਖੇਜ਼ ਪ੍ਰਗਟਾਅ ਦੋਸ਼ੀ ਨੇ ਇੰਟੈਰੋਗੇਸ਼ਨ ਦੌਰਾਨ ਕੀਤਾ। ਇਹ ਸੂਚਨਾ ਮਿ: ਨਰਾਇਣ ਤੋਂ ਵੀ ਮਿਲੀ ਸੀ ਜੋ ਕਿ ਜਸੂਸੀ ਕਾਂਡ ਕੇਸ ਦਾ ਮੁਖ ਧੁਰਾ ਹੈ। ਉਚ ਪੱਧਰੀ ਸੂਤਰਾਂ ਅਨੁਸਾਰ ਇਕ ਹੋਰ ਭੇਦ ਖੁਲ੍ਹਿਆ ਹੈ ਕਿ ਦੋਸ਼ੀ ਅਸ਼ੋਕ ਕੁਮਾਰ ਜੈਦਕਾ ਜੋ ਕਿ ਲੁਧਿਆਣੇ ਦਾ ਵਪਾਰੀ ਹੈ, ਇਨ੍ਹਾਂ ਦਸਤਾਵੇਜ਼ਾਂ ਨੂੰ ਮਿ: ਨਰਾਇਣ ਤੋਂ ਲੈ ਕੇ ਬੰਬਈ ਵਿਚ ਸੋਵੀਅਤ ਗੁਪਤ ਕੇ. ਜੀ. ਬੀ. ਦੇ ਏਜੰਟਾਂ ਨੂੰ ਸਪਲਾਈ ਕਰਦਾ ਹੁੰਦਾ ਸੀ। ਜਿਉਂ ਹੀ ਕਰਨਲ ਬੌਲੀ, ਕੋਈ ਮਹੱਤਵਪੂਰਣ ਸੂਚਨਾ ਪ੍ਰਾਪਤ ਕਰ ਲੈਂਦਾ ਪੈਰਿਸ ਤੋਂ ਖਾਸ ਏਲਚੀ ਇਨ੍ਹਾਂ ਦਸਤਾਵੇਜ਼ਾਂ ਨੂੰ ਚੁੱਕ ਲਿਜਾਣ ਲਈ ਪਹੁੰਚ ਜਾਂਦਾ ਸੀ। ਪੈਰਿਸ ਦਾ ਕੇਂਦਰ ਭਾਰਤ ਦੇ ਵੱਖੋ ਵੱਖ ਦੇਸ਼ਾਂ ਨਾਲ ਸੁਰੱਖਿਆ ਸਮਝੌਤਿਆਂ ਬਾਰੇ ਦਿਲਚਸਪੀ ਰਖਦਾ ਹੈ ਅਤੇ ਖਾਸ ਤੌਰ ਤੇ ਹਿੰਦੁਸਤਾਨ ਐਰੋਨੈਟਿਕਸ ਲਿ: ਯੂਨਿਟਾਂ ਦੇ ਮਿਲਟਰੀ ਸਾਜੋ ਸਮਾਨ ਦੀ ਪੈਦਾਇਸ਼ ਕਰਨ ਬਾਰੇ।

ਜੈਦਕਾ ਦੇ ਬੰਬਈ ਵਿਚ ਅੱਡੇ ਦੀ ਦਿਲਚਸਪੀ ਦਾ ਮੁੱਖ ਧੁਰਾ ਭਾਰਤ ਵਿਚੋਂ ਵਲੋਂ ਫਰਾਂਸ, ਬ੍ਰਿਟੇਨ, ਪੂਰਬੀ ਜਰਮਨੀ ਅਤੇ ਹੋਰ ਯੂਰਪੀਨ ਦੇਸ਼ਾਂ ਨਾਲ ਸੁਰੱਖਿਆ ਪ੍ਰੋਗਰਾਮਾਂ ਦੀ ਖਰੀਦ ਦੇ ਵੇਰਵੇ ਪ੍ਰਾਪਤ ਕਰਨ ਦੁਆਲੇ ਸੀ। ਇਨਟੈਲੀਜੈਂਸੀ ਕੇਂਦਰ ਸਾਰੀ ਉਹ ਸਾਮਗਰੀ ਪ੍ਰਾਪਤ ਕਰਨ 'ਚ ਦਿਲਚਸਪੀ ਰੱਖਦਾ ਸੀ ਜਿਸ ਵਿਚ ਭਾਰਤ ਇਲੈਕਟਰੋਨਿਕਸ ਲਿ: ਦੀਆਂ ਗਤੀਵਿਧੀਆਂ ਭਾਰਤ ਦੀ ਖੇਤੀਬਾੜੀ ਦੀ ਪੈਦਾਇਸ਼ ਦੇ ਵਿੱਤ ਬਾਰੇ ਭਵਿਸ਼ ਦੇ ਪ੍ਰੋਗਰਾਮ ਕੀ ਹਨ ਆਦਿ ਸ਼ਾਮਲ ਸਨ।

ਮਿ: ਨਰਾਇਣ ਨੇ ਤਿੰਨ ਲੜਕੀਆਂ ਨੂੰ ਆਪਣੇ ਹੇਲੇ ਰੋਡ ਵਾਲੇ ਦਫਤਰ ਵਿਚ ਪੱਕੇ ਤੌਰ ਤੇ ਆਏ ਗਏ ਦੇ ਮਨੋਰੰਜਨ ਲਈ ਮੁਲਾਜ਼ਮ ਰੱਖਿਆ ਹੋਇਆ ਸੀ। ਉਨ੍ਹਾਂ ਤਿੰਨਾਂ ਦਾ ਗਵਾਹ ਦੇ ਤੌਰ ਤੇ ਇਸ ਕੇਸ ਦੀ ਸੁਣਵਾਈ ਦੌਰਾਨ ਪੇਸ਼ ਹੋਣਾ ਸੰਭਵ ਹੈ। ਬੇਸ਼ੱਕ ਇਨ੍ਹਾਂ ਨੂੰ ਮਿ: ਨਰਾਇਣ ਦੇ ਮਹਿਮਾਨਾਂ ਦੇ ਦਿਲਪ੍ਰਚਾਵੇ ਲਈ ਰੱਖਿਆ ਗਿਆ ਸੀ ਪਰ ਇਹ ਉਨ੍ਹਾਂ ਦੇ ਆਪਸੀ ਵਿਚਾਰ ਵਟਾਂਦਰੇ ਤੇ ਕਾਨਾਫੂਸੀ ਬਾਰੇ ਬਹੁਤ ਵਾਕਫੀ ਰੱਖਦੀਆਂ ਹਨ। ਹੁਣ ਤੱਕ ਕੁਲ 16 ਦੋਸ਼ੀਆਂ ਵਿਚੋਂ ਸੱਤ ਨੇ ਆਪਣੇ ਆਪ ਨੂੰ ਦੋਸ਼ੀ ਮੰਨਣ ਦੇ ਬਿਆਨ ਦੇ ਦਿਤੇ ਹਨ।

---

ਤੂੰ ਸਜ਼ਾ ਦੇਣੀ ਅਜੇ, ਤੂੰ ਸੋਚ ਲੈ,
ਮੈਂ ਖ਼ਤਾ ਕਰਨੀ ਸੀ ਜਿਹੜੀ ਕਰ ਲਈ।


## ਤੁਹਾਡਾ ਆਪਣਾ ਬੈਂਕ
# ਸਟੇਟ ਬੈਂਕ ਆਫ ਇੰਡੀਆ
## (ਕੈਨੇਡਾ)

110 - 540 Burrard Street, Vancouver, B.C.

* OPEN UPTO 5 P.M. ON FRIDAYS

**Have You Opened a Deposit Account With Us ?**
**If Not Check These Rates And Decide :—**

Bank Hours: Monday to Thursday 10.00 a.m. to 3.00 p.m.
Fridays 10.00 a.m. to 5.00 p.m.

For Further Information Call

**681-3428**

**TERM DEPOSITS**

| | $1,000/- upto $5,000/- | $5,000/- and ABOVE |
|---|---|---|
| 30-179 Days | 8.00 | 9.00 |
| 180-364 Days Days | 8.25 | 9.25 |
| 1-3 Years Days | 8.25 | 9.25 |

SAVING DEPOSITS DAILY INTEREST ACCOUNT
RATE OF INTEREST 7.00% pa
calculated on daily closing balance &
paid as on last day of the month
Minimum Balance $250

ਆਪਣੇ ਮੁਲਕ ਨੂੰ ਚਾਹੇ ਤੁਸੀਂ ਪੈਸੇ ਤਾਰ ਰਾਹੀਂ ਭੇਜੋ ਭਾਵੇਂ ਬੈਂਕ ਡਰਾਫਟ ਰਾਹੀਂ। ਸਟੇਟ ਬੈਂਕ ਦੇ ਰੇਟ ਬਹੁਤ ਹੀ ਸਸਤੇ ਹਨ।

SPECIAL RATES FOR DEPOSITS OF $50,000 AND OVER
RATES SUBJECT TO CHANGE WITHOUT NOTICE
RUPEE DRAFTS & T.Ts. TO YOUR HOME TOWN IN INDIA
AT THE CHEAPEST RATES



## ਭਾਰਤ ਜਾਣ ਦੀ ਤਿਆਰੀ ਹੈ?
## East West Travel Ltd.

**ਹਵਾਈ ਟਿਕਟਾਂ**
ਸਾਥੋਂ ਹਰ ਏਅਰਲਾਈਨ ਦੀਆਂ
ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.

**Mike Brar**

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

**ਮਲਕੀਤ ਬਰਾੜ ਨੂੰ ਫ਼ੋਨ ਕਰੋ**
Ph.(403)235-3661
#206-3517, 17 Ave. S.E. Calgary, Alta
T2A 0R5



# NON-SMOKERS & SMOKERS



TOGETHER WE ARE STRONGER

NORTH AMERICAN LIFE

**Permanent & Terms Plan**

SUDESH KALIA



* Life and Group Insurance
* Retirement & Pension Plans
* Company Pension and Health Benefit Plans
* Estate Protection
* Business & Mortgage Insurance

**Ph. 685-9335**

# ਇੰਡੋ-ਕੈਨੇਡੀਅਨ ਔਰਤਾਂ ਲਈ
## ਸਿਹਤ ਸਬੰਧੀ ਪ੍ਰੋਗਰਾਮ
### ਮੁਫ਼ਤ ਸਿਹਤ ਸੰਬੰਧੀ ਪ੍ਰੋਗਰਾਮ

ਪੰਜਾਬੀ ਬੋਲਣ ਵਾਲੀਆਂ ਔਰਤਾਂ ਲਈ

**12 ਮਾਰਚ ਤੋਂ 3 ਮਈ** (ਇਕ ਹਫਤੇ ਵਿਚ ਦੋ ਵਾਰੀ)

ਇਮੀਗਰੇਂਟ ਸਰਵਿਸਜ਼ ਸੈਂਟਰ, 8165 ਮੇਨ ਸਟਰੀਟ

ਪ੍ਰੋਗਰਾਮ ਦੇ ਵਿਸ਼ੇ :

- ਤਾਕਤਵਰ ਖੁਰਾਕ
- ਸਿਹਤ ਸੰਬੰਧੀ ਸੇਵਾਵਾਂ ਬਾਰੇ ਜਾਣਕਾਰੀ
- ਸਿਹਤ ਵਿਦਿਆ ਅਤੇ ਦੰਦਾਂ ਦੀ ਸੰਭਾਲ
- ਕਸਰਤ ਅਤੇ ਤੰਦਰੁਸਤੀ
- ਦਿਮਾਗ਼ੀ ਅਤੇ ਸਰੀਰਕ ਖਿਚਾਅ ਅਤੇ ਇਸਦਾ ਉਪਾਅ
- ਘਰਾਂ ਵਿਚ ਐਕਸੀਡੈਂਟ ਵਾਪਰਨ ਤੋਂ ਬਚਾਅ
- ਆਮ ਬਿਮਾਰੀਆਂ ਅਤੇ ਉਨ੍ਹਾਂ ਦਾ ਇਲਾਜ

ਕਲਾਸਾਂ ਪੰਜਾਬੀ ਵਿਚ ਹੋਣਗੀਆਂ

ਸਿਹਤਕ ਵਿਸ਼ਿਆਂ ਨੂੰ ਚੰਗੀ ਤਰ੍ਹਾਂ ਸਮਝਣ ਦੀ ਸਹੂਲਤ ਲਈ ਚਾਰਟ ਤਸਵੀਰਾਂ ਅਤੇ ਵੀਡੀਓ ਟੇਪਾਂ ਆਦਿ ਦੀ ਵਰਤੋਂ ਕੀਤੀ ਜਾਏਗੀ

ਬੱਚਿਆਂ ਦੀ ਦੇਖ ਭਾਲ ਦਾ ਇਤਜ਼ਾਮ ਮੁਫ਼ਤ ਹੋਵੇਗਾ

ਹੋਰ ਜਾਣਕਾਰੀ ਲਈ ਹੇਠ ਲਿਖੇ ਵਿਅਕਤੀਆਂ ਨੂੰ ਇਸ ਨੰਬਰ ਤੇ ਫੋਨ ਕਰੋ

324-8186 ਮਹਿੰਦਰ ਮਰੋਕ, ਹਰਮਿੰਦਰ ਸੰਘੇੜਾ

(ਇਨ੍ਹਾਂ ਸਮਿਆਂ ਤੇ ਮੰਗਲਵਾਰ, ਵੀਰਵਾਰ, ਸ਼ੁੱਕਰਵਾਰ - 9.00 - 4.00)

ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਆਖਰੀ ਤਾਰੀਖ : 15 ਫਰਵਰੀ 1985

■ ਸੁਲੱਖਣ ਮੀਤ

ਮੇਰੇ ਘਰ ਬੀ ਪਤਝੜ ਮੌਲੇ,
ਤੇਰੇ ਰਹਿਣ ਬਹਾਰਾਂ,
ਫਿਰ ਵੀ ਉਮਰ ਗੁਜ਼ਾਰਾਂ !

ਨਾ ਤੂੰ ਮੈਨੂੰ ਬਾਤ ਸੁਣਾਏਂ,
ਨਾ ਮੈਂ ਬਾਤ ਹੁੰਗਾਰਾਂ,
ਫਿਰ ਵੀ ਉਮਰ ਗੁਜ਼ਾਰਾਂ !

ਲੱਖਾਂ ਗਮਾਂ ਸਾਡੇ ਘਰ ਨੂੰ,
ਕੱਢੀਆਂ ਆ ਕੇ ਕਾਰਾਂ,
ਫਿਰ ਵੀ ਉਮਰ ਗੁਜ਼ਾਰਾਂ !

ਭੁਲ ਕੇ ਵੀ ਨਾ ਸੁਪਨੇ ਅੰਦਰ,
ਤੇਰੀ ਜ਼ੁਲਫ ਸੰਵਾਰਾਂ,
ਫਿਰ ਵੀ ਉਮਰ ਗੁਜ਼ਾਰਾਂ !

ਜੇ ਤੂੰ ਤੋੜੇਂ ਮਹਿਲ ਇਸ਼ਕ ਦੇ,
ਮੈਂ ਤਾਂ ਮਹਿਲ ਉਸਾਰਾਂ,
ਫਿਰ ਵੀ ਉਮਰ ਗੁਜ਼ਾਰਾਂ !

ਭਰਿਆ ਭਰਿਆ ਤੂੰ ਹੈਂ, ਪਰ ਮੈਂ,
ਨਾਲ ਧੜੱਕੇ ਸਾਰਾਂ,
ਫਿਰ ਵੀ ਉਮਰ ਗੁਜ਼ਾਰਾਂ !




# ਦਿੱਲੀ ਕੈਂਪ ਤੋਂ ਇਕ ਖੁਲ੍ਹਾ ਖਤ

ਅਵਤਾਰ ਰੋਡੇ

ਐ ਨਫਰਤ ਦੀ ਅੱਗ ਫੈਲਾਣ ਵਾਲੇ
ਨਵੀਂ ਬਸਤੀ ਦੇ ਕੁਝ ਕੁ ਚਾਹਵਾਨੋ
ਤੇ ਕਿਸੇ ਦੀ ਮੌਤ ਤੇ
ਭੰਗੜੇ ਪਾਉਣ ਵਾਲਿਓ
ਵੇਖੋ ਹਜ਼ਾਰਾਂ ਬੇ-ਕਸੂਰ
ਜਾਨਾਂ ਦੇ ਖੂਨ ਦੀ ਖੇਡੀ ਹੋਲੀ
ਤੁਹਾਡੇ ਭਰਾਵਾਂ ਦੀਆਂ
ਗਲੀਆਂ ਵਿਚ ਰੁਲਦੀਆਂ
ਲਾਵਾਰਸ ਲਾਸ਼ਾਂ
ਅੱਚ 'ਚ ਝੁਲਸੇ
ਅਣ-ਪਛਾਤੇ ਮਨੁੱਖੀ ਚੇਹਰੇ
ਭੈਣਾਂ ਦੇ ਲੁਟੇ ਸੁਹਾਗ
ਮਾਵਾਂ ਦੀ ਵਲੂੰਦਰੀ ਮਮਤਾ
ਘਰਾਂ ਦੇ ਜਗਦੇ ਚਰਾਗਾਂ ਦੀ ਥਾਂ
ਬਲਦੇ ਸਿਵੇਂ
ਕਾਸ਼ ਤੁਸੀਂ ਵੀ ਦਿੰਦੇ
ਕਿਸੇ ਅਰਥੀ ਨੂੰ ਮੋਢਾ
ਤੇ ਸੇਕਦੇ ਸਿਵਿਆਂ ਦੀ ਅੱਗ ।

ਭੋਲੇ ਲੋਕਾਂ ਦੇ ਜਜ਼ਬਾਤਾਂ ਨਾਲ
ਖੇਡਣ ਵਾਲੇ ਕੁਝ ਆਗੂਓ
ਇਕ ਦੂਜੇ ਤੇ ਚਿੱਕੜ ਸੁੱਟਣ ਵਾਲੇ
ਕੌਮ ਦੇ ਕੁਝ ਵਿਓਪਾਰੀਓ
ਜਨਤਾ ਨੂੰ ਗੁਮਰਾਹ ਕਰਕੇ
ਨਾ ਭਰੋ ਆਪਣੀਆਂ ਜੇਬਾਂ

ਗੁਰੂਆਂ ਦੀ ਸਿਖਿਆ ਦੇ ਪ੍ਰਚਾਰਕ
ਖੁਦ ਭੁਲ ਗਏ ਹਨ
ਉਨ੍ਹਾਂ ਦੇ ਮੁਖ ਉਪਦੇਸ਼ਾਂ ਨੂੰ
ਤੇ ਮਾਨਸ ਕੀ ਜਾਤ ਸਭੇ ਪਹਿਚਾਨਬੋ
ਦੇ ਅਰਥ ਉਲਝ ਗਏ ਹਨ
ਉਨ੍ਹਾਂ ਦੀ ਸੁੰਗੜੀ ਸੋਚ ਤੋਂ ।

ਸਾਡੇ ਹੱਕਾਂ ਦੀ ਖਾਤਰ
ਫੋਕੇ ਨਾਹਰੇ ਮਾਰਨ ਵਾਲਿਓ
ਪਹਿਲਾਂ ਕੌਮ ਦੀ ਜਖਮੀ ਏਕਤਾ ਨੂੰ
ਸਾਂਝੀਵਾਲਤਾ ਦੇ ਪਿਆਰ ਦੀ
ਟਕੋਰ ਤਾਂ ਕਰ ਲਓ
ਕੌਮ ਦੇ ਨਾਂ ਤੇ
ਅਖੌਤੀ ਕੁਰਬਾਨੀ ਦੇਣ ਵਾਲਿਓ
ਵਤਨੋਂ ਦੂਰ ਵਸਦੇ ਜਿੰਦਾ ਸ਼ਹੀਦੋ
ਪਹਿਲਾਂ ਇੱਜ਼ਤ ਦੀ ਜਿੰਦਗੀ ਜਿਉਣ ਲਈ
ਆਪਣੇ ਹੱਕ ਤਾਂ ਲੈ ਲਵੋ ।

ਸਾਨੂੰ ਤਾਂ ਹੁਣ ਵੀ ਡਰ ਲਗਦਾ ਹੈ
ਚਿਮਨੀਆਂ ਚੋਂ ਨਿਕਲਦੇ ਧੂਏਂ ਤੋਂ
ਗਲੀਆਂ 'ਚ ਫਿਰਦੇ
ਰਾਤ ਬਰਾਤੇ
ਆਦਮ-ਖੋਰ ਜਿੰਨ੍ਹਾਂ ਤੋਂ
ਸਦੀਆਂ ਤੋਂ ਵਸਦੇ
ਬਣੇ ਖੰਡਰ ਘਰਾਂ ਤੋਂ
ਪਰ ਝੰਡਾ ਚੁੱਕੀ ਫਿਰਦੇ
ਅਖੌਤੀ ਹਕੂਮਤ ਦੇ
ਕੁਝ ਆਗੂ ਤੇ ਲੀਡਰਾਂ ਪਾਸ
ਸਾਡੇ ਲਈ
ਸਿਰਫ ਨਕਲੀ ਅੱਥਰੂ ਤੇ
ਲਫਜ਼ੀ ਹਮਦਰਦੀ ਤੋਂ
ਸਿਵਾ ਕੁਝ ਨਹੀਂ ।

ਅਜੇ ਵੀ ਅੱਗ ਸੁਲਘਦੀ ਹੈ
ਅਸੀਂ ਬੈਠੇ ਹਾਂ ਡਰੇ ਤੇ ਸਹਿਮੇ ਹੋਏ
ਘਰੋਂ ਬੇ-ਘਰ
ਕਾਲ ਦੇ ਭੁਖ-ਮਾਰੇ ਲੋਕਾਂ ਵਾਂਗ
ਭਰਾਵਾਂ ਦੀ ਮੌਤ ਦਾ ਸੱਥਰ ਵਛਾਈ
ਮਤੇ ਇਹ ਨਫਰਤੀ ਹਵਾ ਦੇ ਬੁੱਲੇ
ਇਸ ਸੁਲਘਦੀ ਅੱਗ ਨੂੰ
ਨਾ ਬਣਾ ਦੇਣ
ਸੰਨ ਸੰਤਾਲੀ ਦਾ ਭਾਂਬੜ


**Gill Insurance Services Co. Ltd.**, Tel. 877-1501
**Best Choice Realty Ltd.**, Tel. 877-1138
**Rangi Agencies**, Tel. 876-7616

1331 Kingsway, Vancouver, B.C. V5V 3E3

(This form must be presented or mailed at the above address to be included in the draw)

(All entrants must be 19 years and over)

# LUCKY DRAW





*(FOR A BRAND NEW CAR)*

## — ENTRY FORM —

(ONE ENTRY PER PERSON OTHERWISE INVALID) (FILL IN CAPITAL LETTERS)

Name ____________ Date of Birth ________ ____

Address ____________ Postal Code ________

Telephone: Res. ____________ Work ____________

Name of Spouse ____________

No. of cars you own ________ Number of houses you own ________ like to own ______

Do you have life insurance ☐ Sickness Ins. ☐ House Ins. ☐ Car Ins. ☐

Do you want to know about:
Life Ins. ☐ Sickness ☐ House Ins. ☐ Car Ins. ☐

House Insurance Expires on (1). Day ____ Month ____ Year ____ (2) Day ____ Month ____ Year ____

Car Insurance Expires on (1) Plate No. ________ Month ________ Year ________

(2) Plate No. ________ Month ________ Year ________

What languages you speak? What kind of music you like?

I declare that I have not filled this form before and that the information given above is correct, otherwise the entry form to win the prize will be void.

DATE ____________ SIGNATURE ____________

**DRAW DATE:** 15th of March, 1985 or later. But in the mean time on 15th of every month we will draw 10 clock radios from the every month entrants.

● **NOTE: PLEASE FILL IN ALL THE ITEMS OTHERWISE THE ENTRY WILL BE CANCELLED.**

**Complete Real Estate Service**

- Commercial
- Residential
- Farms

Buying & Selling

**Complete Insurance Service In:**

- Life • House
- Car, Truck & Van
- Accident

New Plates Decal

Transfer of Ownership

- Sickness
- Child Education
- Retirement
- Group • Travel
- R.R.S.P.
- Annuities

Home insurance rates, for house you live in.
Guaranteed replacement cost on building and contents - complete package, $100 deductable.
Please ask for more details.
$60,000/$163 70,000/$183 80,000/$203 90,000/$227 100,000/$253
Qualified staff to answer your autoplan questions and give you expert advice.

Glass contract only from $8.00 for year, no deductable.

Travel insurance also available.

Life Insurance rates - 5 year term, non smokers rate

| AGE | Male | 25 | 30 | 35 | 40 |
|---|---|---|---|---|---|
| $100,000.00 | per month | 13.41 | 13.86 | 16.20 | 20.25 |
| $200,000.00 | per month | 23.22 | 24.12 | 28.80 | 34.92 |



Harbhajan S. Narwal
B.A.(Ph.) LLB(Agra)
Former : Advocate & Oath Commissioner
(Punjab & Haryana High Courts)

# ਨਰਵਾਲ ਫੂਡਜ਼

# NARWAL FOODS

## WHOLE SALES & RETAILERS

6438 Main St. Vancouver, B.C.
321-8176

**MINI SALE**

## ਨਰਵਾਲ ਬਰਦਰਜ਼ ਵਲੋਂ 1985 ਦੀ ਪਹਿਲੀ ਸੇਲ

**Valid Till Feb. 28, 1985**

**CHICKEN LEGS**
ਮੁਰਗੇ ਦੀਆਂ ਲੱਤਾਂ
$1.28 1 lb.

**SUNFRI VEG. OIL**
ਸਨਫਰੀ ਵੈਜੀਟੇਬਲ ਆਇਲ
$3.88

**ALMONDS**
ਬਦਾਮ
$1.88 1 lb.

**LONG GRAIN RICE**
ਲੌਂਗ ਗਰੇਨ ਰਾਈਸ
$10.88 20 kg.

**NABOB TEA**
ਨਵਾਬ ਚਾਹ
$3.78 20's bags

**ONIONS**
ਗੰਢੇ
$6.88 50 lbs.

**MANGO JUICE**
ਅੰਬਾਂ ਦਾ ਜੂਸ
$1.88 1 lit.

**ATTA**
ਗੋਲਡਨ ਟੈਂਪਲ ਆਟਾ
$4.88

**HOMO MILK**
ਦੁੱਧ
$3.18 4 lit.
with $10 grocery

**SEWIAN**
ਸੇਵੀਆਂ
.68¢ packet

ਸੂਚਨਾਵਾਂ

.. ਸਟੋਰ ਸਵੇਰੇ 9 ਵਜੇ ਤੋਂ ਲੈ ਕੇ ਰਾਤ ਦੇ 9 ਵਜੇ ਤੱਕ ਖੁਲ੍ਹਿਆ ਕਰੇਗਾ (ਸਟੋਰ ਹਫਤੇ ਦੇ ਸੱਤੇ ਦਿਨ ਖੁਲ੍ਹਦਾ ਹੈ)।
.. 50 ਡਾਲਰ ਦੀ ਗਰੋਸਰੀ ਖਰੀਦਣ ਵਾਲੇ ਡਰਾਅ ਵਿਚ ਹਿਸਾ ਲੈ ਸਕਣਗੇ ।
.. ਸਾਡੇ ਕੋਲ ਤਾਜ਼ੀਆਂ ਸਬਜ਼ੀਆਂ ਹਫਤੇ ਦੇ ਸੱਤੇ ਦਿਨ ਮਿਲਦੀਆਂ ਹਨ । ਦੁੱਧ, ਲੱਸੀ, ਅੰਡੇ, ਮੁਰਗੇ ਦੀਆਂ ਲੱਤਾਂ ਹਫਤੇ ਦੇ ਸੱਤੇ ਦਿਨ ਮਿਲਦੇ ਹਨ

## WATCH FOR GRAND OPENING SALE IN MARCH 1985

## ਨਰਵਾਲ ਇਨਸ਼ੋਰੈਂਸ ਏਜੰਸੀ ਲਿ:

**ਹਰ ਕਿਸਮ ਦੇ ਇਨਸ਼ੋਰੈਂਸ**

- ਨਵੇਂ ਕਰਾਉਣੇ
- ਸੇਫ ਡਰਾਈਵਿੰਗ ਕਾਰਨ ਕਟੌਤੀ
- ਕਾਰਾਂ ਟਰੱਕਾਂ ਤੇ ਵੈਨਾਂ ਆਦਿ
- ਪਲੇਟਾਂ ਤੇ ਡੈਕਲ ਆਦਿ ।

ਅਸੀਂ ਸੋਮਵਾਰ ਤੋਂ ਸਨਿਚਰਵਾਰ ਤੱਕ 9 ਵਜੇ ਸਵੇਰ ਤੋਂ 5 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ ।

6415 Main St.,(at 48th Ave.) Vancouver, B.C.



## ਪ੍ਰਿਤਪਾਲ ਸਿੰਘ ਨਰਵਾਲ

B.A.(PB.) L.L.B.(KUK.)

**ਨੋਟਰੀ ਪਬਲਿਕ**

**FORMER** (Advocate & Oath Commissioner)
Punjab & Haryana Highcourt

**PREFERRED AREA OF PRACTISE :**

- ਘਰ ਵੇਚਣ ਤੇ ਖ੍ਰੀਦਣ ਦੇ ਕਾਗਜ਼
- ਮੌਰਗੇਜ਼ ਸਬੰਧੀ ਹਰ ਤਰ੍ਹਾਂ ਦੇ ਕਾਗਜ਼ਾਤ ਤਿਆਰ ਕਰਨੇ ।
- ਲੀਜ਼ ਦੇ ਕਾਗਜ਼ ਬਣਾਉਣੇ
- ਕਮਰਸ਼ੀਅਲ ਕਨਟਰੈਕਟ ਬਣਾਉਣੇ
- ਬਿਆਨ ਹਲਫੀਆ
- ਮੁਖਤਿਆਰ ਨਾਮੇ
- ਸੌਂਹ ਖਾਣੀ ਸਬੰਧੀ ਕਾਰਵਾਈ ਨਿਭਾਉਣੀ
- ਦਸਤਖਤ ਅਟੈਸਟ ਕਰਨੇ
- ਕਾਪੀਆਂ ਸਬੰਧੀ
- ਪਾਸਪੋਰਟ ਤੇ ਨਾਂ ਬਦਲੀ ਕਰਨਾ ਆਦਿ ।

**Off. 324-4944 Res. 325-4744**